ਅਧਿਆਇ 10
ਬੁਰੇ ਪ੍ਰਭਾਵਾਂ ਤੋਂ ਅੱਡ ਕਰਨਾ

ਅਧਿਆਇ 9 ਦੇ ਮੁਤਾਬਕ ਖ਼ੁਦਾ ਦੇ ਲੋਕਾਂ ਦੀ ਇਕ ਵੱਡੀ ਮੁਸ਼ਕਿਲ ਸੀ। ਆਗੂਆਂ ਅਤੇ ਲੋਕਾਂ ਨੇ ਆਮ ਤੌਰ ਤੇ ''ਦੇਸ਼ ਦੇ ਲੋਕਾਂ'' ਨਾਲ ਆਪੋ ਵਿਚ ਵਿਆਹ ਕਰਵਾ ਲਏ ਸਨ। ਕੁਝ ਆਗੂਆਂ ਨੇ ਅਜ਼ਰਾ ਨੂੰ ਇਸ ਦੁਵਿਧਾ ਬਾਰੇ ਦੱਸਿਆ ਅਤੇ ਯਹੂਦਾ ਦੇ ਪਾਪਾਂ ਨੂੰ ਖੁੱਲ੍ਹੇਆਮ ਮੰਨ ਕੇ ਅਫ਼ਸੋਸ ਕਰਨ ਅਤੇ ਦੁਆ ਕਰਨ ਨਾਲ ਜਵਾਬ ਦਿੱਤਾ।

ਸੁਝਾਇਆ ਗਿਆ ਹੱਲ (10:1-4)

[1]ਜਦ ਅਜ਼ਰਾ ਨੇ ਪ੍ਰਾਰਥਨਾ ਕੀਤੀ ਅਤੇ ਰੋ ਕੇ ਅਰ ਪਰਮੇਸ਼ੁਰ ਦੇ ਭਵਨ ਦੇ ਅੱਗੇ ਡਿੱਗ ਕੇ ਇਕਰਾਰ ਕੀਤਾ ਤਾਂ ਇਸਰਾਏਲ ਵਿੱਚੋਂ ਇੱਕ ਬਹੁਤ ਵੱਡੀ ਸਭਾ ਮਨੁੱਖਾਂ, ਤੀਵੀਆਂ ਤੇ ਬਾਲਾਂ ਦੀ ਉਹ ਦੇ ਕੋਲ ਇਕੱਠੀ ਹੋ ਗਈ ਕਿਉਂ ਜੋ ਪਰਜਾ ਧਾਂਹਾਂ ਮਾਰ ਮਾਰ ਰੋਂਦੀ ਸੀ [2]ਤਾਂ ਏਲਾਮ ਦੇ ਪੁੱਤ੍ਰਾਂ ਵਿੱਚੋਂ ਯਹੀਏਲ ਦੇ ਪੁੱਤਰ ਸ਼ਕਨਯਾਹ ਨੇ ਉੱਤਰ ਦਿੱਤਾ ਅਤੇ ਅਜ਼ਰਾ ਨੂੰ ਆਖਿਆ ਕਿ ਅਸੀਂ ਆਪਣੇ ਪਰਮੇਸ਼ੁਰ ਨਾਲ ਬੇਈਮਾਨੀ ਕੀਤੀ ਕਿ ਦੇਸ ਦੀਆਂ ਉੱਮਤਾਂ ਵਿੱਚੋਂ ਕੁਜਾਤ ਜਨਾਨੀਆਂ ਘਰੀਂ ਬਿਠਾ ਲਈਆਂ ਹਨ ਪਰ ਅਜੇ ਏਸ ਉੱਤੇ ਵੀ ਇਸਰਾਏਲ ਲਈ ਇੱਕ ਉਮੇਦ ਹੈ [3]ਹੁਣ ਅਸੀਂ ਆਪਣੇ ਪਰਮੇਸ਼ੁਰ ਨਾਲ ਇੱਕ ਨੇਮ ਬੰਨ੍ਹੀਏ ਅਰ ਏਹ ਸਾਰੀਆਂ ਜਨਾਨੀਆਂ ਅਰ ਇਨ੍ਹਾਂ ਦੇ ਬਾਲ ਆਪਣੇ ਪ੍ਰਭੁ ਦੀ ਤੇ ਉਨ੍ਹਾਂ ਦੀ ਸਲਾਹ ਨਾਲ ਜਿਹੜੇ ਸਾਡੇ ਪਰਮੇਸ਼ੁਰ ਦੇ ਹੁਕਮ ਤੋਂ ਕੰਬਦੇ ਹਨ ਕੱਢ ਦੇਈਏ ਅਤੇ ਇਹ ਬਿਵਸਥਾ ਦੇ ਅਨੁਸਾਰ ਕਰੀਏ [4]ਉੱਠ ਕਿਉਂ ਜੋ ਏਹ ਗੱਲ ਤੇਰੇ ਉੱਤੇ ਹੈ ਅਤੇ ਅਸੀਂ ਤੇਰੇ ਨਾਲ ਹਾਂ ਸੋ ਤਕੜਾ ਹੋ ਕੇ ਏਹ ਕੰਮ ਕਰ!

ਆਇਤ 1. ਅਧਿਆਇ 9 ਵਿਚ ਦਰਜ ਅਜ਼ਰਾ ਦੀ ਦੁਆ ਤੋਂ ਲੋਕਾਂ ਦੇ ਪਾਪਾਂ ਨਾਲ ਹੋਣ ਵਾਲੇ ਬਦਲਾਅ ਦਾ ਉਸ ਦਾ ਸੱਚੇ ਦਿਲੋਂ ਇਜ਼ਹਾਰ ਸੀ। ਅਧਿਆਇ 10 ਵਿਚ ਵੀ ਉਹ ਇਹੀ ਕਰਦਾ ਰਿਹਾ: **ਅਜ਼ਰਾ ਨੇ ਪ੍ਰਾਰਥਨਾ ਕੀਤੀ ਅਤੇ ਰੋ ਕੇ ਅਰ ਪਰਮੇਸ਼ੁਰ ਦੇ ਭਵਨ ਦੇ ਅੱਗੇ ਡਿੱਗ ਕੇ ਇਕਰਾਰ ਕੀਤਾ।**[1] ਨਤੀਜਾ ਉਮੀਦ ਦੇ ਮੁਤਾਬਕ ਹੋਇਆ ਕਿ **ਬਹੁਤ ਵੱਡੀ** ਭੀੜ ਜਿਸ ਵਿਚ **ਮਨੁੱਖਾਂ, ਤੀਵੀਆਂ ਤੇ ਬਾਲਾਂ ਦੀ** ਅਜ਼ਰਾ ਦੇ ਦੁਆਲੇ **ਇਕੱਠੀ ਹੋ ਗਈ। ਪਰਜਾ** ਉਹਦਿਆਂ ਬੋਲਾਂ ਅਤੇ ਕੰਮਾਂ ਤੋਂ ਪ੍ਰਭਾਵਿਤ ਹੋਈ ਅਤੇ ਉਸ ਉੱਤੇ ਇਸਦਾ ਬਹੁਤ ਅਸਰ ਹੋਇਆ। ਉਸ ਦਾ ਦੁੱਖ ਲਾਗ ਵਾਲਾ ਸੀ। ਛੇਤੀ ਹੀ ਲੋਕਾਂ ਦੀ ਸਾਰੀ ਭੀੜ ਉਹਦੇ ਨਾਲ **ਧਾਹਾਂ ਮਾਰ ਮਾਰ ਰੋਂਦੀ** ਦਿਸੀ। ਇਬਰਾਨੀ ਲਿਖਤ ਵਿਚ ਮੂਲ ਵਿਚ ਇੱਥੇ ਕਿਹਾ ਗਿਆ ਹੈ ਕਿ ਉਹ ''ਵੱਡਾ ਵਿਰਲਾਪ ਕਰਕੇ ਰੋਏ।''

ਆਇਤਾਂ 2, 3. ਇੱਥੇ ਮੁਸ਼ਕਿਲ ਦੇ ਹੱਲ ਦੇ ਤਰੀਕੇ ਦਾ ਸੁਝਾਅ ਦੇਣ ਲਈ ਜਿਸ ਨਾਲ ਐਨਾ ਮਾਤਮ ਛਾਇਆ ਸੀ, **ਸ਼ਕਨਯਾਹ** ਅੱਗੇ ਆਇਆ। ਉਸ ਦੀ ਪਛਾਣ **ਯਹੀਏਲ ਦੇ ਪੁੱਤਰ** ਵਜੋਂ ਦਿੱਤੀ ਗਈ ਹੈ। ''ਯਹੀਏਲ'' ਨਾਂਅ ਦਾ ਇਕ ਆਦਮੀ ਉਨ੍ਹਾਂ ਵਿੱਚੋਂ ਸੀ ਜਿਨ੍ਹਾਂ ਨੇ 10:26 ਆਪਣੀਆਂ ਪਤਨੀਆਂ ਨੂੰ ਛੱਡਿਆ ਸੀ। ਇਹ ਪੱਕਾ ਨਹੀਂ ਹੈ ਕਿ ਯਹੀਏਲ ਸ਼ਕਨਯਾਹ ਦਾ ਪਿਉ ਸੀ ਜਾਂ ਨਹੀਂ। ''ਯਹੀਏਲ'' ਨਾਂਅ ਆਮ ਹੁੰਦਾ ਸੀ ਇਸ ਕਰਕੇ ਇਨ੍ਹਾਂ ਦੋਹਾਂ ਵਿਚਲੇ ਸਬੰਧ ਦਾ ਪੱਕਾ ਪਤਾ ਨਹੀਂ ਹੈ। ਜੇ ਇਹ ਵਾਲਾ ਯਹੀਏਲ ਸ਼ਕਨਯਾਹ ਦਾ ਪਿਤਾ ਸੀ ਤਾਂ ਸ਼ਕਨਯਾਹ ਵੱਲੋਂ ਦਿੱਤੇ ਜਾਣ ਵਾਲੇ ਸੁਝਾਅ

ਵਿਚ ਬਿਲੁਕਲ ਇਹ ਸਖ਼ਤੀ ਹੋਵੇਗੀ ਕਿ ਜਿਨ੍ਹਾਂ ਜਿਨ੍ਹਾਂ ਨੇ ਵਿਦੇਸ਼ੀ ਪਤਨੀਆਂ ਨਾਲ ਵਿਆਹ ਕੀਤੇ ਸਨ ਉਹ ਉਨ੍ਹਾਂ ਪਤਨੀਆਂ ਨੂੰ ਛੱਡ ਦੇਣ। ਇਹ ਸੰਭਵ ਹੈ ਕਿ ਸ਼ਕਨਯਾਹ ਆਪ ਵੀ ਇਨ੍ਹਾਂ ਰਲੇ ਮਿਲੇ ਵਿਆਹਾਂ ਦੀ ਸੰਤਾਨ ਸੀ? ਕੋਈ ਅੰਦਾਜ਼ਾ ਲਾ ਸਕਦਾ ਸੀ ਕਿ ਸ਼ਕਨਯਾਹ ਦਾ ਪਿਤਾ ਉਨ੍ਹਾਂ ਯਹੂਦੀਆਂ ਵਿੱਚੋਂ ਸੀ ਜਿਨ੍ਹਾਂ ਨੇ ਕਿਸੇ ਕਨਾਨੀ ਔਰਤ ਨਾਲ, ਜਿਹੜੀ ਹੋ ਸਕਦਾ ਹੈ ਕਿ ਬਹੁਤੀ ਜਵਾਨ, ਸੋਹਣੀ ਜਾਂ ਅਮੀਰ ਹੋਵੇ, ਵਿਆਹ ਕਰਨ ਲਈ ਆਪਣੀ ਯਹੂਦੀ ਪਤਨੀ (ਸ਼ਕਨਯਾਹ ਦੀ ਮਾਂ) ਨੂੰ ਤਲਾਕ ਦੇ ਦਿੱਤਾ ਹੋਵੇ (ਵੇਖੋ ਮਲਾਕੀ 2: 10–16)।

ਸ਼ਕਨਯਾਹ ਅਜ਼ਰਾ ਦੇ ਇਸ ਮੁਲਾਂਕਣ ਨਾਲ ਸਹਿਮਤ ਸੀ: **ਅਸੀਂ ਆਪਣੇ ਪਰਮੇਸ਼ੁਰ ਨਾਲ ਬੇਈਮਾਨੀ ਕੀਤੀ ਕਿ ਦੇਸ ਦੀਆਂ ਉੱਮਤਾਂ ਵਿੱਚੋਂ ਕੁਜਾਤ ਜਨਾਨੀਆਂ ਘਰੀਂ ਬਿਠਾ ਲਈਆਂ।** ਉਸ ਨੇ ਇਹ ਵੀ ਆਖਿਆ ਕਿ ਲੋਕਾਂ ਲਈ **ਉਮੇਦ** ਅਜੇ ਹੈ ਸੀ, ਜੇ ਉਹ **ਪਰਮੇਸ਼ੁਰ ਨਾਲ ਇੱਕ ਨੇਮ** ਬੰਨ੍ਹਦੇ ਕਿ **ਏਹ ਸਾਰੀਆਂ** *[ਕੁਜਾਤ]* **ਜਨਾਨੀਆਂ ਅਰ ਇਨ੍ਹਾਂ ਦੇ ਬਾਲ . . . ਕੱਢ** ਰਹੇ ਹਾਂ। ਉਸ ਨੇ ਆਖਿਆ ਕਿ ਅਜਿਹਾ ਸ਼ਖ਼ਤ ਕਦਮ ਪੁੱਟਣਾ **ਆਪਣੇ ਪ੍ਰਭੁ ਦੀ ਤੇ ਉਨ੍ਹਾਂ ਦੀ ਸਲਾਹ ਨਾਲ** ਹੋਣਾ ਸੀ **ਜਿਹੜੇ ਸਾਡੇ ਪਰਮੇਸ਼ੁਰ ਦੇ ਹੁਕਮ ਤੋਂ ਕੰਬਦੇ ਹਨ।** ਅਨੁਵਾਦ ਹੋਏ ਸ਼ਬਦ ''ਆਪਣੇ ਪ੍ਰਭੂ'' (*ʾadonay, ਅਦੋਨਾਏ*) ਭਾਵੇਂ ਪਰਮੇਸ਼ੁਰ ਲਈ ਹੋ ਸਕਦਾ ਹੈ ਪਰ ਇਹ (*YHWH*, ਜਾਂ ''ਯਾਹਵੇਹ'') ਕੋਈ ਨਿੱਜੀ ਨਾਮ ਨਹੀਂ ਹੈ, ਜਿਸ ਨੂੰ ਆਮ ਤੌਰ ਤੇ ''LORD'' (ਅੰਗ੍ਰੇਜ਼ੀ ਦੇ ਵੱਡੇ ਅੱਖਰ) ਨਾਲ ਦੱਸਿਆ ਜਾਂਦਾ ਹੈ। *ʾadonay* (*ਅਦੋਨਾਏ*) ਸ਼ਬਦ ਜਿਸ ਨੂੰ ਆਮ ਤੌਰ ਤੇ ਥੋੜ੍ਹੀਆਂ ਜਿਹੀਆਂ ਵੱਖਰੀਆਂ ਮਾਤਰਾਵਾਂ ਨਾਲ ਦਿੱਤਾ ਜਾਂਦਾ ਹੈ, ਵੀ ਪੁਰਾਣੇ ਨੇਮ ਵਿਚ ਕਿਤੇ ਮਨੁੱਖੀ ਪ੍ਰਭੂ ਜਾਂ ਸੁਆਮੀ ਜਾਂ ਇੱਜ਼ਤ ਦੇਣ ਵਾਲੇ ਅਹੁਦੇ ਨੂੰ ਸਨਮਾਨ ਦੇਣ ਲਈ ਵਰਤਿਆ ਗਿਆ ਹੈ। ਸਾਫ਼ ਹੈ ਕਿ ਇੱਥੇ ''ਆਪਣਾ ਪ੍ਰਭੂ'' ਦੀ ਵਰਤੋਂ ਅਜ਼ਰਾ ਦੇ ਸਬੰਧ ਵਿਚ ਕੀਤੀ ਗਈ।[2] ''ਜਿਹੜੇ ਸਾਡੇ ਪ੍ਰਭੂ ਦੇ ਹੁਕਮ ਤੋਂ ਕੰਬਦੇ ਹਨ'' ਯਹੂਦੀਆਂ ਦੀ ਉਸ ਜਮਾਤ ਨੂੰ ਕਿਹਾ ਗਿਆ ਜਿਹੜੇ ਸਖ਼ਤੀ ਨਾਲ ਸ਼ਰ੍ਹਾ ਦੀ ਵਿਆਖਿਆ ਅਤੇ ਉਸਦੇ ਲਾਗੂ ਕੀਤੇ ਜਾਣ ਸਬੰਧੀ ਅਜ਼ਰਾ ਨਾਲ ਸਹਿਮਤ ਸਨ। ਇਸੇ ਕਰਕੇ ਉਨ੍ਹਾਂ ਨੇ ਉਸ ਵੱਲੋਂ ਕੀਤੇ ਜਾਣ ਵਾਲੇ ਸੁਧਾਰ ਦੀ ਹਿਮਾਇਤ ਕੀਤੀ। ਅਜਿਹਾ ਲੱਗੇਗਾ ਕਿ ਅਜ਼ਰਾ ਨੇ ਮੁਸ਼ਕਿਲ ਦੇ ਹੱਲ ਦਾ ਤਰੀਕਾ ਪਹਿਲਾਂ ਹੀ ਦੇ ਦਿੱਤਾ ਸੀ ਅਤੇ ਸ਼ਕਨਯਾਹ ਅਜ਼ਰਾ ਦੇ ਵਿਚਾਰ ਲਈ ਸਹਿਮਤੀ ਜਤਾ ਰਿਹਾ ਸੀ।

ਸ਼ਕਨਯਾਹ ਨੇ ਸੁਝਾਅ ਦਿੱਤਾ ਕਿ ਰਲੇ ਮਿਲੇ ਵਿਆਹਾਂ ਦਾ ਭੰਗ ਕੀਤਾ ਜਾਣਾ **ਬਿਵਸਥਾ ਦੇ ਅਨੁਸਾਰ** ਹੋਵੇ। ''ਵਿਵਸਥਾ ਦੇ ਅਨੁਸਾਰ'' ਰਲੇ ਮਿਲੇ ਵਿਆਹ ਕਿਵੇਂ ਖ਼ਤਮ ਹੋਣੇ ਸਨ। ਰਾਲਫ਼ ਡਬਲਯੂ. ਕਲੇਨ ਨੇ ਇਹ ਟਿੱਪਣੀਆਂ ਕੀਤੀਆਂ ਹਨ: (1) ਪੰਚਗ੍ਰੰਥ (ਤੁਰੇਤ) ਵਿਚ ਇਸਰਾਏਲੀਆਂ ਲਈ ਬਾਹਰੀ ਲੋਕਾਂ ਨਾਲ ਵਿਆਹ ਕਰਨ ਤੇ ਤਲਾਕ ਲਾਜ਼ਮੀ ਨਹੀਂ ਸੀ। (2) ਇਸ ਵਿਚ ਕਨਾਨ ਦੇ ਇਸਰਾਏਲੀਆਂ ਤੋਂ ਪਹਿਲਾਂ ਰਹਿਣ ਵਾਲੇ ਬਾਸ਼ਿੰਦਿਆਂ ਦੇ ਬਾਹਰੀ ਲੋਕਾਂ ਨਾਲ ਵਿਆਹ ਦੀ ਮਨਾਹੀ ਸੀ (ਬਿਵਸਥਾ ਸਾਰ 7: 1–4) ਅਤੇ ਆਦਮੀਆਂ ਨੂੰ ਆਪਣੀਆਂ ਪਤਨੀਆਂ ਵਿਚ ''ਕੋਈ ਬੇਸ਼ਰਮੀ'' ਪਾਏ ਜਾਣ ਤੇ ਉਨ੍ਹਾਂ ਨੂੰ ਤਲਾਕ ਦੇਣ ਦੀ ਵੀ ਇਜਾਜ਼ਤ ਸੀ (ਬਿਵਸਥਾ ਸਾਰ 24: 1)। (3) ''ਬੇਸ਼ਰਮੀ'' ਸ਼ਬਦ ਨੂੰ ਭਾਵੇਂ ਆਮ ਤੌਰ ਤੇ ਹਰਾਮਕਾਰੀ ਦੇ ਰੂਪ ਵਿਚ ਸਮਝਿਆ ਜਾਂਦਾ ਹੈ, ਪਰ ਸ਼ਕਨਯਾਹ ਨੇ ਇਸ ਸ਼ਬਦ ਦੇ ਅਰਥ ਵਿਚ ਇਨ੍ਹਾਂ ਔਰਤਾਂ ਦੇ ਬਾਹਰੀ ਜਾਂ ਕੁਜਾਤ ਹੋਣ ਨੂੰ ਜੋੜ ਦਿੱਤਾ। (4) ਇਸ ਕਰਕੇ ਸ਼ਕਨਯਾਹ ਨੇ ਆਪਣੇ ਨਿਚੋੜ ਤੇ ਪਹੁੰਚਣ ਲਈ ਕਨਾਨੀ ਅਬਾਦੀ ਨਾਲ ਵਿਆਹ ਦੀ ਮਨਾਹੀ ਵਾਲੇ ਹਵਾਲੇ ਦੇ ਨਾਲ–ਨਾਲ (ਬਿਵਸਥਾ ਸਾਰ 24: 1) ਤਲਾਕ ਨਾਲ ਸਬੰਧਿਤ ਹਵਾਲੇ ਨੂੰ ਜੋੜ ਦਿੱਤਾ (ਬਿਵਸਥਾ ਸਾਰ 7: 1–4)।[3]

ਪਰ ਇਹ ਯਾਦ ਰੱਖਿਆ ਜਾਣ ਚਾਹੀਦਾ ਹੈ ਕਿ ਖ਼ੁਦਾ ਨੇ ਮੁੱਖ ਤੌਰ ਤੇ ਇਨ੍ਹਾਂ ਔਰਤਾਂ ਦੀ ਨਸਲ ਤੇ ਨਹੀਂ, ਬਲਕਿ ਇਸ ਤੱਥ ਤੇ ਇਤਰਾਜ਼ ਕੀਤਾ ਸੀ ਕਿ ਉਹ ਦੂਜੇ ਦੇਵਤਿਆਂ ਦੀ ਪੂਜਾ ਕਰਦੀਆਂ ਸਨ। ਜੇ ਅਸੀਂ ਇਸ ਤੱਥ ਨੂੰ ਭੁੱਲ ਜਾਈਏ ਤਾਂ ਸਾਨੂੰ ਇਹ ਸਲਾਹ ਮਿਲੇਗੀ ਕਿ ਯਹੂਦੀਆਂ ਦਾ

ਆਪਣੀਆਂ ਬਾਹਰੀ ਪਤਨੀਆਂ ਨੂੰ ਤਲਾਕ ਦੇਣਾ ਇਤਰਾਜ਼ਯੋਗ ਸੀ ਅਤੇ ਇਸ ਨਾਲ ਪੂਰਾ ਮਾਮਲਾ ਬੇਮਜ਼ਾ ਹੋ ਜਾਵੇਗਾ।[4] ਪਵਿੱਤਰਤਾਈ ਲਈ ਜ਼ਰੂਰੀ ਦੂਜੇ ਲੋਕਾਂ ਨਾਲੋਂ ਕੁਝ ਅਲਹਿਦਗੀ ਪਰ ਵੱਡੀ ਗੱਲ ਹਮੇਸ਼ਾ ਅਲਹਿਦਗੀ ਭਾਵ ਲੋਕਾਂ ਦੇ ਸੰਪਰਕ ਤੋਂ ਦੂਰ ਰਹਿਣਾ ਸੀ ਜਿਸ ਨਾਲ ਇਸਰਾਏਲੀਆਂ ਦੇ ਉੱਤੇ ਦੇਵਤਿਆਂ ਦੀ ਪੂਜਾ ਵਿਚ ਹਿੱਸੇਦਾਰੀ ਹੋ ਜਾਣੀ ਸੀ। ਯਹੂਦੀਆਂ ਨੂੰ ਕਾਫ਼ਿਰ ਲੋਕਾਂ ਨਾਲ ਨੇਮ ਬੰਨ੍ਹਣ ਦੀ ਮਨਾਹੀ ਸੀ (ਬਿਵਸਥਾ ਸਾਰ 7:2), ਜਿਸ ਵਿਚ ਵਿਆਹ ਸਭ ਤੋਂ ਪੱਕਾ ਨੇਮ ਹੋ ਸਕਦਾ ਹੈ (ਬਿਵਸਥਾ ਸਾਰ 7:3, 4)। ਇਹ ਤੱਥ ਕਿ ਇਹ ਮੁੱਦਾ ਨਸਲ ਦਾ ਨਹੀਂ ਹੈ ਇਸ ਗੱਲ ਤੋਂ ਸਾਫ਼ ਸਨ ਕਿ ਦੂਜੀਆਂ ਕੌਮਾਂ ਦੇ ਲੋਕਾਂ ਦਾ ਯਹੂਦੀ ਵਿਸ਼ਵਾਸ ਵਿਚ ਆਉਣ ਲਈ ਹਮੇਸ਼ਾ ਤੋਂ ਸਵਾਗਤ ਕੀਤਾ ਜਾਂਦਾ ਸੀ।

ਆਇਤ 4. ਫਿਰ ਸ਼ਕਨਯਾਹ ਨੇ ਅਜ਼ਰਾ ਨੂੰ ਇਹ ਯਾਦ ਦੁਆਉਂਦਿਆਂ ਕਿ ਇਹ ਉਹਦੇ **ਉੱਤੇ** ਸੀ, ਉਸ ਨੂੰ **ਤਕੜਾ ਹੋ ਕੇ ਇਹ ਕੰਮ** ਕਰਨ ਲਈ ਦਲੇਰ ਕੀਤਾ, ਅਤੇ ਇਸ ਸੁਧਾਰ ਵਿਚ ਯਹੂਦੀਆਂ ਦੇ ਅੱਗੇ ਲੱਗਣ ਲਈ ਆਖਿਆ। ਸ਼ਕਨਯਾਹ ਦੀ ਸਲਾਹ ਅਜ਼ਰਾ ਲਈ ਅਤੇ ਉਸ ਦੇ ਸਬੰਧ ਵਿਚ ਸੱਚੇ ਲਗਾਅ ਕਰਕੇ ਦਿਲੋਂ ਨਿੱਕਲੀ ਲਗਦੀ ਹੈ, ਅਤੇ ਇਹ ਉਸ ਵੱਡੇ ਆਦਰ ਦੀ ਤਸਦੀਕ ਕਰਦੀ ਹੈ ਜਿਹੜਾ ਅਜ਼ਰਾ ਦੇ ਦੇਸ਼ਵਾਸੀ ਉਸ ਦਾ ਕਰਦੇ ਸਨ।

ਮੰਡਲੀ ਨੂੰ ਹੱਲ ਦੱਸਿਆ ਗਿਆ (10:5-11)

**5ਤਾਂ ਅਜ਼ਰਾ ਉੱਠਿਆ ਅਤੇ ਸਰਦਾਰਾਂ, ਜਾਜਕਾਂ, ਲੇਵੀਆਂ ਅਰ ਸਾਰੇ ਇਸਰਾਏਲ ਨੂੰ ਸਹੁੰ ਦਿੱਤੀ
ਕਿ ਅਸੀਂ ਏਸ ਸਹੁੰ ਦੇ ਅਨੁਸਾਰ ਏਹ ਕੰਮ ਕਰਾਂਗੇ - ਉਨ੍ਹਾਂ ਨੇ ਇਹੀ ਸਹੁੰ ਖਾਧੀ 6ਤਾਂ ਅਜ਼ਰਾ ਪਰਮੇਸ਼ੁਰ
ਦੇ ਭਵਨ ਦੇ ਅੱਗਿਉਂ ਉੱਠਿਆ ਅਤੇ ਅਲਯਾਸੀਬ ਦੇ ਪੁੱਤਰ ਯੋਹਾਨਾਨ ਦੀ ਕੋਠੜੀ ਵਿੱਚ ਗਿਆ ਅਤੇ
ਉੱਥੇ ਜਾ ਕੇ ਨਾ ਰੋਟੀ ਖਾਧੀ ਨਾ ਪਾਣੀ ਪੀਤਾ ਕਿਉਂ ਜੋ ਉਹ ਅਸੀਰਾਂ ਦੀ ਬੇਈਮਾਨੀ ਦੇ ਕਾਰਣ ਰੋਂਦਾ
ਰਿਹਾ 7ਤਾਂ ਉਨ੍ਹਾਂ ਨੇ ਯਹੂਦਾਹ ਤੇ ਯਰੂਸ਼ਲਮ ਵਿੱਚ ਅਸੀਰੀ ਦੇ ਸਾਰੇ ਲੋਕਾਂ ਲਈ ਡੌਂਡੀ ਪਿਟਾਈ ਭਈ
ਓਹ ਯਰੂਸ਼ਲਮ ਵਿੱਚ ਇਕੱਠੇ ਹੋ ਜਾਣ 8ਅਤੇ ਸਰਦਾਰਾਂ ਅਤੇ ਬਜ਼ੁਰਗਾਂ ਦੀ ਸਲਾਹ ਅਨੁਸਾਰ ਜੋ ਕੋਈ
ਤਿੰਨਾਂ ਦਿਨਾਂ ਵਿੱਚ ਨਾ ਆਵੇ ਉਹ ਦਾ ਸਾਰਾ ਲਕਾ ਤੁਕਾ ਜ਼ਬਤ ਕੀਤਾ ਜਾਵੇ ਅਤੇ ਉਹ ਅਸੀਰਾਂ ਦੀ
ਸਭਾ ਤੋਂ ਛੇਕਿਆ ਜਾਵੇ। 9ਤਾਂ ਯਹੂਦਾਹ ਅਰ ਬਿਨਯਾਮੀਨ ਦੇ ਸਾਰੇ ਮਨੁੱਖ ਤਿੰਨਾਂ ਦਿਨਾਂ ਦੇ ਵਿੱਚ
ਯਰੂਸ਼ਲਮ ਵਿੱਚ ਇਕੱਠੇ ਹੋਏ। ਏਹ ਨੌਵੇਂ ਮਹੀਨੇ ਦੀ ਵੀਹਵੀਂ ਤਰੀਖ ਸੀ ਅਤੇ ਸਾਰੀ ਪਰਜਾ ਪਰਮੇਸ਼ੁਰ
ਦੇ ਭਵਨ ਦੇ ਵੇਹੜੇ ਵਿੱਚ ਬੈਠੇ ਅਤੇ ਏਸ ਗੱਲ ਉੱਤੇ ਅਤੇ ਮੀਂਹ ਦੀ ਵਾਛੜ ਦੇ ਕਾਰਣ ਕੰਬਦੇ ਸਨ।
10ਤਾਂ ਅਜ਼ਰਾ ਜਾਜਕ ਉੱਠਿਆ ਅਤੇ ਉਨ੍ਹਾਂ ਨੂੰ ਆਖਿਆ ਕਿ ਤੁਸਾਂ ਬੇਈਮਾਨੀ ਕੀਤੀ ਹੈ ਅਤੇ ਕੁਜਾਤ
ਜਨਾਨੀਆਂ ਨੂੰ ਘਰੀਂ ਬਿਠਾ ਲਿਆ ਅਤੇ ਐਉਂ ਇਸਰਾਏਲ ਦੇ ਦੋਸ਼ ਨੂੰ ਵਧਾਇਆ ਹੈ 11ਹੁਣ ਤੁਸੀਂ
ਯਹੋਵਾਹ ਆਪਣੇ ਪਿਉ ਦਾਦਿਆਂ ਦੇ ਪਰਮੇਸ਼ੁਰ ਅੱਗੇ ਇਕਰਾਰ ਕਰੋ ਅਤੇ ਉਹ ਦਾ ਭਾਣਾ ਵਰਤੋਂ ਅਤੇ
ਦੇਸ ਦੀਆਂ ਉੱਮਤਾਂ ਤੋਂ ਅਤੇ ਕੁਜਾਤ ਜਨਾਨੀਆਂ ਤੋਂ ਅੱਡ ਹੋ ਜਾਓ।**

ਆਇਤ 5. ਅਜ਼ਰਾ ਨੇ ਉੱਠ ਕੇ ਲੋੜੀਂਦੇ ਸੁਧਾਰਾਂ ਲਈ ਅੱਗੇ ਵਧਣ ਦੇ ਸ਼ਕਨਯਾਹ ਦੀ **ਸਹੁੰ**[5] ਨੂੰ ਮੰਨ ਲਿਆ। ਸਾਫ਼ ਹੈ ਕਿ ਉਸ ਨੇ ਓਸੇ ਵੇਲੇ ਉੱਥੇ ਮੌਜੂਦ ਲੋਕਾਂ ਭਾਵ **ਸਰਦਾਰਾਂ, ਜਾਜਕਾਂ, ਲੇਵੀਆਂ ਅਰ ਸਾਰੇ ਇਸਰਾਏਲ ਨੂੰ** ਸੱਦਿਆ। ਦੂਜੇ ਸ਼ਬਦਾਂ ਵਿਚ ਯਹੂਦੀ ਬਰਾਦਰੀ ਦੇ ਸਭ ਨੁਮਾਇੰਦਿਆਂ ਨੂੰ ਸ਼ਕਨਯਾਹ ਵੱਲੋਂ ਦਿੱਤੀ ਗਈ ਸਲਾਹ ਨਾਲ **ਸਹੁੰ ਦਿੱਤੀ ਕਿ ਅਸੀਂ ਇਸ ਸਹੁੰ ਦੇ ਅਨੁਸਾਰ ਕੰਮ ਕਰਾਂਗੇ।** ਲੋਕਾਂ ਦੀ ਤਾਰੀਫ਼ ਕਿ ਉਨ੍ਹਾਂ ਨੇ **ਇਹੀ ਸਹੁੰ ਖਾਧੀ।**

ਆਇਤ 6. ਹੋਰ ਵੀ ਕੀਤਾ ਜਾਣਾ ਕਾਫ਼ੀ ਹੈ। ਯਹੂਦਾ ਦੇਸ਼ ਦੇ ਸਭ ਲੋਕਾਂ ਲਈ ਸੁਧਾਰ ਦੀ

ਇਸ ਲਹਿਰ ਵਿਚ ਸ਼ਾਮਿਲ ਹੋਣਾ ਜ਼ਰੂਰੀ ਸੀ। **ਅਜ਼ਰਾ ਪਰਮੇਸ਼ੁਰ ਦੇ ਭਵਨ ਦੇ ਅੱਗਿਉਂ ਉੱਠਿਆ ਅਤੇ ਅਲਯਾਸੀਬ ਦੇ ਪੁੱਤਰ ਯੋਹਾਨਾਨ ਦੀ ਕੋਠੜੀ ਵਿੱਚ ਗਿਆ,** ਇਹ ਕੋਠੜੀ ਹੈਕਲ ਦੇ ਨਾਲ ਲਗਦਾ ਇਕ ''ਕਮਰਾ'' (NIV) ਸੀ। ਅਜਿਹੀਆਂ ਕੋਠੜੀਆਂ ਦਾ ਜ਼ਿਕਰ ਸੁਲੇਮਾਨ ਵੱਲੋਂ ਬਣਾਈ ਗਈ ਪਹਿਲੀ ਹੈਕਲ ਦੇ ਦਸਤਾਵੇਜ਼ਾਂ ਵਿਚ ਮਿਲਦਾ ਹੈ (1 ਰਾਜਿਆਂ 6:5, 6)।[6] ਕੋਠੜੀਆਂ ਉਦੋਂ ਵੀ ਬਣਾਈਆਂ ਗਈਆਂ ਸਨ ਜਦੋਂ ਜ਼ਰੁੱਬਾਬਲ ਨੇ ਦੂਜੀ ਹੈਕਲ ਬਣਵਾਈ ਸੀ, ਕਿਉਂ ਜੋ ਉਹ ਕੋਠੜੀਆਂ ਖ਼ਜ਼ਾਨੇ (8:28, 29) ਅਤੇ ਅਨਾਜ, ਦਾਖਰਸ ਅਤੇ ਤੇਲ ਦੇ ਦਸਵੰਧ ਰੱਖਣ ਲਈ ਗੁਦਾਮਾਂ ਦਾ ਕੰਮ ਕਰਦੀਆਂ ਸਨ (ਨਹਮਯਾਹ 13:4–13)।

ਇਸ ਤੇ ਵਿਵਾਦ ਹੋਇਆ ਹੈ ਕਿ ਇਹ ''ਯੋਹਾਨਾਨ'' ਕੌਣ ਸੀ। ਇਸ ਕੋਠੜੀ ਤਕ ਉਸ ਦੀ ਪਹੁੰਚ ਦਾ ਮਤਲਬ ਇਹ ਹੈ ਕਿ ਉਹ ਕੋਈ ਯਾਜਕ ਸੀ ਅਤੇ ਇਸਰਾਏਲ ਦੇ ਆਗੂਆਂ ਵਿੱਚੋਂ ਇਕ ਸੀ। ਇੱਥੇ ਉਸ ਦੀ ਪਛਾਣ **ਅਲਯਾਸੀਬ ਦੇ ਪੁੱਤ੍ਰ** ਦੇ ਰੂਪ ਵਿਚ ਦਿੱਤੀ ਗਈ ਹੈ। ਨਹਮਯਾਹ 12:23 ਉਸ ''ਯੋਹਾਨਾਨ'' ਦੀ ਗੱਲ ਕਰਦਾ ਹੈ ਜਿਹੜਾ ''ਅਲਯਾਸੀਬ ਦਾ ਪੁੱਤਰ'' ਸੀ। ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਇਸ ਤੋਂ ਇਹ ਸਬੂਤ ਮਿਲਦਾ ਹੈ ਕਿ ਨਹਮਯਾਹ ਦੀ ਸੇਵਕਾਈ ਅਜ਼ਰਾ ਦੀ ਸੇਵਕਾਈ ਨਾਲੋਂ ਪਹਿਲਾਂ ਸੀ। (ਉਹ ਜੋਸੇਫ਼ਸ ਅਤੇ ਐਲਿਫੈਂਟਾਈਨ ਪੇਪਿਰਸ ਵਿਚਲੇ ਹੋਰ ਸਬੂਤ ਵੀ ਦਿੰਦੇ ਹਨ।) ਇਹ ਮੰਨਣ ਦੇ ਵਿਰੋਧ ਵਿਚ ਦਲੀਲਾਂ ਹਨ ਕਿ ਦੋਹਾਂ ਕਿਤਾਬਾਂ ਵਿਚਲੇ ਯੋਹਾਨਾਨ ਦੋ ਸਨ ਜਾਂ ਇੱਕੋ ਹੀ। ਬਲਕਿ ਇਹ ਵਧੇਰੇ ਸੰਭਵ ਲਗਦਾ ਹੈ ਕਿ ਦੋ ''ਅਲਯਾਸੀਬ'' ਅਤੇ ''ਯੋਹਾਨਾਨ'' ਦੋ ਵੱਖੋ ਵੱਖ ਬੰਦੇ ਸਨ ਜਿਨ੍ਹਾਂ ਦੇ ਨਾਂਅ ਇੱਕੋ ਸਨ। ਇਹ ਵੀ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਅਜ਼ਰਾ ਵਿਚਲੇ ਯੋਹਾਨਾਨ ਦੀ ਪਛਾਣ ਪ੍ਰਧਾਨ ਯਾਜਕ ਦੇ ਰੂਪ ਵਿਚ *ਨਹੀਂ* ਦਿੱਤੀ ਗਈ। ਜਦਕਿ ਐਲਿਫ਼ੈਂਟਾਈਨ ਅਤੇ ਜੋਸੇਫ਼ਸ ਵਾਲਾ ਯੋਹਾਨਾਨ ਪ੍ਰਧਾਨ ਸੀ। ਐੱਚ. ਬੀ. ਐੱਮ. ਵਿਲੀਅਮਸਨ ਨੇ ਨਿਚੋੜ ਕੱਢਿਆ ਕਿ ਯੋਹਾਨਾਨ ਦਾ ਜ਼ਿਕਰ ਹੋਣਾ ਅਜ਼ਰਾ ਦੇ ਸਮੇਂ ਤੇ ਸਵਾਲ ਦੇ ਕੋਈ ਅਸਰ ਨਹੀਂ ਪਾਉਂਦਾ।[7]

ਯੋਹਾਨਾਨ ਦੀ ਕੋਠੜੀ ਵਿਚ **ਰੋਟੀ** ਅਤੇ **ਪਾਣੀ** ਦੇ ਬਗ਼ੈਰ **ਅਸੀਰਾਂ ਦੀ ਬੇਈਮਾਨੀ ਦੇ ਕਾਰਣ** ਦੁਖੀ ਅਜ਼ਰਾ ਨੇ ਰੋਜ਼ਾ ਰੱਖਿਆ। **ਵਿਚ ਗਿਆ** ਵਾਕ ਅੰਸ਼ ਦਾ ਅਨੁਵਾਦ ''ਭਾਵੇਂ ਉਹ ਉੱਥੇ ਗਿਆ'' (NASB), ''ਜਦ ਉਹ ਉੱਥੇ ਆਇਆ'' (NKJV) ਅਤੇ ''ਜਦ ਉਹ ਉੱਥੇ ਸੀ'' (NIV) ਵੀ ਕੀਤਾ ਗਿਆ ਹੈ। ਇਹ ਸਭ ਅਨੁਵਾਦ MT (ਮੇਜ਼ੋਰੀ ਟੈਕਸਟਸ) ਨੂੰ ਦਰਸਾਉਂਦੇ ਹਨ।[8]

ਆਇਤਾਂ 7, 8. ਆਇਤ 7 ਦੇ ਸ਼ੁਰੂ ਵਿਚ ਪੁਰਸ਼ਵਾਚਕ ਪੜਨਾਉਂ **ਉਨ੍ਹਾਂ ਨੇ** ਭਾਵੇਂ ਯਹੂਦੀਆਂ ਦੇ ਆਗੂਆਂ ਨੂੰ ਦਰਸਾਉਂਦਾ ਹੈ, ਪਰ ਇਸ ਵਿਚ ਅਜ਼ਰਾ ਵੀ ਸ਼ਾਮਿਲ ਹੋਵੇਗਾ। ਸੰਭਵ ਤੌਰ ਤੇ ਯਹੂਦੀਆਂ ਦੇ ਆਗੂ ਅਜ਼ਰਾ ਨੂੰ ਯੋਹਾਨਾਨ ਦੀ ਕੋਠੜੀ ਵਿਚ ਮਿਲੇ ਅਤੇ ਉੱਥੋਂ ਉਨ੍ਹਾਂ ਨੇ (ਅਜ਼ਰਾ ਦੇ ਨਾਲ ਨਾਲ ਆਗੂਆਂ ਨੇ) **ਡੌਂਡੀ ਪਿਟਾਈ**।[9] ਸਭ ਯਹੂਦੀਆਂ ਨੇ **ਯਰੂਸ਼ਲਮ ਵਿਚ . . . ਤਿੰਨਾਂ ਦਿਨਾਂ ਵਿਚ** ਇਕੱਠੇ ਹੋਣਾ ਸੀ। ਯਹੂਦਾ ਦਾ ਇਲਾਕਾ ਅਸੀਰੀ ਦੇ ਸਮਿਆਂ ਤੋਂ ਪਹਿਲਾਂ ਦੇ ਇਲਾਕੇ ਨਾਲੋਂ ਛੋਟਾ ਸੀ ਇਸ ਕਰਕੇ ਯਹੂਦੀ ਯਰੂਸ਼ਲਮ ਤੋਂ ਪੰਜਾਹ ਕੁ ਮੀਲ ਤੋਂ ਵੱਧ ਦੂਰ ਨਹੀਂ ਰਹਿੰਦੇ ਹੋਣਗੇ। ਇਸ ਨਾਲ ਉਨ੍ਹਾਂ ਲਈ ਤਿੰਨਾਂ ਦਿਨਾਂ ਵਿਚ ਪਹੁੰਚਣਾ ਅਸਾਨ ਹੋ ਜਾਣਾ ਸੀ।[10] ਕਿਸੇ ਦੇ ਇਸ ਸਭਾ ਵਿਚ ਹਾਜ਼ਰ ਨਾ ਹੋਣ ਤੇ ਜਾਇਦਾਦ ਤੋਂ ਬੇਦਖਲ ਕੀਤੇ ਜਾਣ ਅਤੇ ਸਮਾਜ ਵਿੱਚੋਂ ਛੇਕੇ ਜਾਣ ਦੀਆਂ ਸ਼ਖ਼ਤ ਸਜ਼ਾਵਾਂ ਦੀ ਧਮਕੀ ਸ਼ਾਮਿਲ ਸਨ।

ਆਇਤ 9. ਸਾਰੇ ਦੇਸ਼ ਦੇ ਲੋਕਾਂ ਨੇ ਹੋਕਾ ਸੁਣ ਕੇ ਉਸ ਉੱਤੇ ਅਮਲ ਕੀਤਾ। ਬਾਬਲ ਤੋਂ ਵਾਪਸ ਆਉਣ ਵਾਲਿਆਂ ਵਿਚ **ਯਹੂਦਾਹ ਅਰ ਬਿਨਯਾਮੀਨ ਦੇ ਸਾਰੇ ਮਨੁੱਖ** (ਵੇਖੋ 1:5; 4:1)। ਯਰੂਸ਼ਲਮ ਵਿਚ ਅਜ਼ਰਾ ਦੇ ਪਹੁੰਚਣ ਤੋਂ ਕੋਈ $4\frac{1}{2}$ ਮਹੀਨਿਆਂ ਬਾਅਦ ਉਹ **ਨੌਵੇਂ ਮਹੀਨੇ ਦੀ ਵੀਹਵੀਂ ਤਰੀਖ** ਨੂੰ **ਤਿੰਨਾਂ ਦਿਨਾਂ ਦੇ ਵਿੱਚ ਯਰੂਸ਼ਲਮ ਵਿੱਚ ਇਕੱਠੇ ਹੋਏ** (9:1 ਤੇ ਟਿੱਪਣੀਆਂ ਵੇਖੋ)। ਹੈਕਲ ਦੇ ਸਾਹਮਣੇ **ਵੇਹੜੇ ਵਿਚ** ਇਕੱਠੇ ਹੋਣ ਤੇ[11] ਉਹ ਦੋ ਕਾਰਣਾਂ ਕਰਕੇ **ਕੰਬਦੇ ਸਨ:** (1) **ਇਸ ਕਾਰਣ ਉੱਤੇ**, ਭਾਵ

ਉਸ ਬੇਈਮਾਨੀ ਦੀ ਗੰਭੀਰਤਾ ਕਰਕੇ ਜਿਹੜੀ ਖ਼ੁਦਾ ਦੀ ਸ਼ਰ੍ਹਾ ਨੂੰ ਉਨ੍ਹਾਂ ਵੱਲੋਂ ਤੋੜੇ ਜਾਣ ਵਿਚ ਸਾਫ਼ ਨਜ਼ਰ ਆਉਂਦੀ ਸੀ, ਅਤੇ (2) **ਮੀਂਹ ਦੀ ਵਾਛੜ** ਕਰਕੇ। ਸਭਾ ''ਨੌਵੇਂ ਮਹੀਨੇ'' (ਕਿਸਲੇਵ) ਦੇ ਅਖ਼ੀਰ ਵਿਚ ਸੱਦੀ ਗਈ ਸੀ, ਜੋ ਕਿ ਦਿਸੰਬਰ ਦੇ ਮਹੀਨੇ ਦਾ ਕੋਈ ਦਿਨ ਹੋਵੇਗਾ। ਇਹ ''ਵਾਛੜ ਦੇ ਮੌਸਮ'' ਦੇ ਦੌਰਾਨ ਹੋਇਆ (10: 13); ਜਦ ਯਰੂਸ਼ਲਮ ਵਿਚ ਸਾਲ ਦੇ ਇਸ ਸਮੇਂ ਦੌਰਾਨ ਠੰਡ ਅਤੇ ਸਲ੍ਹਾਬ ਹੁੰਦੀ ਹੋਵੇਗੀ। ਬਰਸਾਤ ਵਿਚ ਖਲੋਣਾ ਦਿੱਕਤ ਵਾਲੀ ਗੱਲ ਸੀ ਇਸ ਕਰਕੇ ਉਨ੍ਹਾਂ ਦੇ ਬੇਚੈਨੀ ਮਹਿਸੂਸ ਕਰਨ ਦੇ ਆਤਮਿਕ (ਜਾਂ ਭਾਵਨਾਤਮਕ) ਅਤੇ ਸਰੀਰਕ ਦੋਵੇਂ ਕਾਰਣ ਹਨ।

ਆਇਤਾਂ 10, 11. ਜਦ ਲੋਕ ਇਕੱਠੇ ਹੋ ਗਏ ਤਾਂ ਯਹੂਦੀਆਂ ਦੇ ਆਗੂਆਂ ਵੱਲੋਂ ਲਏ ਗਏ ਫ਼ੈਸਲੇ ਦਾ ਐਲਾਨ ਕਰਨ ਲਈ **ਅਜ਼ਰਾ** ਇਕ ਆਗੂ, **ਜਾਜਕ** ਅਤੇ ਸਿਖਾਉਣ ਵਾਲੇ ਦੇ ਰੂਪ ਵਿਚ ਉਨ੍ਹਾਂ ਦੇ ਸਾਹਮਣੇ ਖੜਾ ਹੋਇਆ। ਉਹ ਉਸ ਦੀ ਸਲਾਹ ਨਾਲ ਇਸ ਫ਼ੈਸਲੇ ਤੇ ਪੁੱਜੇ ਸਨ। ਮਾਰਕ ਏ. ਥ੍ਰੌਂਟਵੇਂਟ ਨੇ ਸਹੀ ਕਿਹਾ ਹੈ ਕਿ ਬਰਾਦਰੀ ਨੇ ਭਾਵੇਂ ਮੁਸ਼ਕਿਲ ਨੂੰ ਸੁਧਾਰਣ ਦੀ ਜ਼ਿੰਮੇਵਾਰੀ ਲੈ ਲਈ ਸੀ ਪਰ ਹਾਲਾਤ ਅਜੇ ਵੀ ਅਜ਼ਰਾ ਦੇ ਹੱਥ ਵਿਚ ਸਨ। ਉਸ ਨੇ ਲੋਕਾਂ ਨੂੰ ਇਹ ਵਾਅਦਾ ਦੇਣ ਲਈ ਮਜਬੂਰ ਕੀਤਾ ਕਿ ਉਹ ਦਿੱਤੇ ਜਾਣ ਵਾਲੇ ਸੁਝਾਅ ਨੂੰ ਮੰਨਣਗੇ (10: 5), ਉਨ੍ਹਾਂ ਨੂੰ ਉਨ੍ਹਾਂ ਵੱਲੋਂ ਖ਼ੁਦਾ ਨਾਲ ਕੀਤੀ ਗਈ ਬੇਈਮਾਨੀ ਦਾ ਚੇਤਾ ਕਰਵਾਇਆ (10: 10), ਅਤੇ ਉਨ੍ਹਾਂ ਨੂੰ ਆਪਣੇ ਪਾਪ ਦਾ ਇਕਰਾਰ ਕਰਨ ਲਈ ਆਖਿਆ (10: 11)। ਇਕ ਯੋਗ ਪ੍ਰਬੰਧਕ ਦੇ ਰੂਪ ਵਿਚ ਉਸ ਨੇ ਯੋਜਨਾ ਨੂੰ ਪੂਰਾ ਕੀਤੇ ਜਾਣ ਦੀ ਨਿਗਰਾਨੀ ਲਈ ਕੁਝ ਆਗੂਆਂ ਨੂੰ ਇਖ਼ਤਿਆਰ ਦਿੱਤਾ (10: 16)।[12]

ਅਜ਼ਰਾ ਨੇ ਪਹਿਲਾਂ ਦਾਅਵਾ ਕੀਤਾ ਕਿ ਯਹੂਦੀਆਂ ਨੇ **ਕੁਜਾਤ ਜਨਾਨੀਆਂ** ਨਾਲ ਵਿਆਹ ਕਰਕੇ **ਬੇਈਮਾਨੀ** ਕੀਤੀ ਅਤੇ ਇਸ ਨਾਲ ਉਨ੍ਹਾਂ ਨੇ ਇਸਰਾਏਲ ਦੇ **ਦੋਸ਼** ਨੂੰ ਵਧਾ ਦਿੱਤਾ। ਇਸ ਲਈ ਉਨ੍ਹਾਂ ਲਈ ਜ਼ਰੂਰੀ ਸੀ ਕਿ ਉਹ **ਪਰਮੇਸ਼ੁਰ ਅੱਗੇ** ਆਪਣੇ ਪਾਪ ਨੂੰ ਮੰਨ ਲੈਣ ਅਤੇ ਆਪਣੇ ਆਪ ਨੂੰ **ਦੇਸ ਦੀਆਂ ਉੱਮਤਾਂ ਤੋਂ ਅਤੇ ਕੁਜਾਤ ਜਨਾਨੀਆਂ ਤੋਂ ਅੱਡ** ਕਰਕੇ ਆਪਣੇ ਰਾਹਾਂ ਦੀ ਗਲਤੀ ਸੁਧਾਰ ਲੈਣ। ਆਪਣੀਆਂ ਕੁਜਾਤ ਜਨਾਨੀਆਂ ਤੋਂ ਅੱਡ ਹੋਣ ਦਾ ਮਤਲਬ ਉਨ੍ਹਾਂ ਨੂੰ ਛੱਡ ਦੇਣਾ ਜਾਂ ਉਨ੍ਹਾਂ ਤੋਂ ਤਲਾਕ ਲੈਣਾ ਸੀ।

ਲੋਕਾਂ ਦਾ ਜਵਾਬ (10:12-17)

[12]ਤਾਂ ਸਾਰੀ ਸਭਾ ਨੇ ਉੱਤਰ ਦਿੱਤਾ ਅਤੇ ਵੱਡੀ ਅਵਾਜ਼ ਨਾਲ ਆਖਿਆ, ਏਵੇਂ ਹੀ ਸਹੀ ! ਜਿਵੇਂ
ਤੁਸਾਂ ਸਾਡੇ ਕਰਨ ਲਈ ਠਹਿਰਾਇਆ ਅਸੀਂ ਏਹ ਗੱਲ ਕਰਾਂਗੇ ! [13]ਪਰ ਪਰਜਾ ਢੇਰ ਸਾਰੀ ਹੈ ਅਤੇ
ਏਹ ਵੱਡੀ ਵਾਛੜ ਦਾ ਮੌਸਮ ਹੈ ਸੋ ਅਸੀਂ ਬਾਹਰ ਨਹੀਂ ਖਲੋ ਸੱਕਦੇ। ਏਹ ਤਾਂ ਨਾ ਇੱਕ ਦਿਨ ਦਾ ਨਾ
ਦੋ ਦਿਨ ਦਾ ਕੰਮ ਹੈ ਕਿਉਂ ਜੋ ਅਸਾਂ ਏਸ ਗੱਲ ਵਿੱਚ ਡਾਢਾ ਅਪਰਾਧ ਕੀਤਾ ਹੈ ! [14]ਹੁਣ ਸਾਰੀ ਸਭਾ
ਦੇ ਸਰਦਾਰ ਖਲੋ ਰਹਿਣ ਅਤੇ ਓਹ ਸਾਰੇ ਜਿਹੜੇ ਸਾਡੇ ਸ਼ਹਿਰਾਂ ਵਿੱਚ ਕੁਜਾਤ ਜਨਾਨੀਆਂ ਨੂੰ ਘਰੀਂ
ਬਿਠਾਈ ਬੈਠੇ ਹਨ ਠਹਿਰਾਏ ਹੋਏ ਸਮੇਂ ਉੱਤੇ ਆਉਣ ਅਤੇ ਉਨ੍ਹਾਂ ਦੇ ਨਾਲ ਹਰ ਸ਼ਹਿਰ ਦੇ ਬਜ਼ੁਰਗ
ਅਰ ਨਿਆਈ ਹੋਣ ਜਿੰਨਾ ਚਿਰ ਤੀਕ ਸਾਡੇ ਪਰਮੇਸ਼ੁਰ ਦਾ ਵੱਡਾ ਕ੍ਰੋਧ ਜੋ ਏਸ ਗੱਲ ਦੇ ਕਾਰਣ ਹੈ ਸਾਥੋਂ
ਮੁੜ ਨਾ ਜਾਵੇ [15]ਕੇਵਲ ਅਸਾਹੇਲ ਦਾ ਪੁੱਤਰ ਯੋਨਾਥਾਨ ਅਰ ਤਿਕਵਾਹ ਦਾ ਪੁੱਤਰ ਯਹਜ਼ਯਾਹ ਏਹ ਦੇ
ਵਿਰੁੱਧ ਉੱਠ ਖਲੋਤੇ ਅਤੇ ਮਸ਼ੁੱਲਾਮ ਤੇ ਸ਼ਬਤਈ ਲੇਵੀਆਂ ਨੇ ਉਨ੍ਹਾਂ ਦੀ ਸਹਾਇਤਾ ਕੀਤੀ। [16]ਤਾਂ ਅਸੀਰੀ
ਦੇ ਲੋਕਾਂ ਨੇ ਏਵੇਂ ਹੀ ਕੀਤਾ ਅਤੇ ਅਜ਼ਰਾ ਜਾਜਕ ਅਰ ਕਈ ਪਿਤ੍ਰਾਂ ਦੇ ਘਰਾਣਿਆਂ ਦੇ ਮੁਖੀਏ ਉਨ੍ਹਾਂ
ਦੇ ਪਿਤ੍ਰਾਂ ਦੇ ਘਰਾਣਿਆਂ ਅਨੁਸਾਰ ਸਾਰੇ ਹੀ ਨਾਮਾਂ ਪਰਤੀ ਅੱਡ ਹੋਏ ਅਤੇ ਏਸ ਗੱਲ ਦੀ ਵੇਖ ਭਾਲ
ਲਈ ਦਸਵੇਂ ਮਹੀਨੇ ਦੀ ਪਹਿਲੀ ਤਰੀਖ ਨੂੰ ਬੈਠ ਗਏ [17]ਅਤੇ ਸਾਰਿਆਂ ਮਨੁੱਖਾਂ ਦਾ ਜਿਨ੍ਹਾਂ ਦੇ ਘਰੀਂ
ਕੁਜਾਤ ਜਨਾਨੀਆਂ ਬੈਠੀਆਂ ਸਨ ਫ਼ੈਸਲਾ ਉਨ੍ਹਾਂ ਨੇ ਪਹਿਲੇ ਮਹੀਨੇ ਦੀ ਪਹਿਲੀ ਤਰੀਖ ਨੂੰ ਮੁਕਾ ਦਿੱਤਾ।

ਜਦ ਉਨ੍ਹਾਂ ਨੇ ਅਜ਼ਰਾ ਦੀ ਗੱਲ ਸੁਣੀ, ਤਾਂ ਲੋਕ ਇਸ ਨਾਲ ਸਹਿਮਤ ਹੋ ਗਏ ਕਿ ਜਿਵੇਂ ਉਹ ਕਹੇਗਾ ਉਹ ਉਵੇਂ ਹੀ ਕਰਨਗੇ। ਪਰ ਉਨ੍ਹਾਂ ਨੇ ਉਹ ਕਰਨ ਲਈ, ਜੋ ਕੁਝ ਉਨ੍ਹਾਂ ਨੂੰ ਕਰਨਾ ਜ਼ਰੂਰੀ ਸੀ, ਹੋਰ ਸਮਾਂ ਮੰਗਿਆ।

ਆਇਤ 12. ਸਭਾ ਨੇ ਓਸੇ ਵੇਲੇ ਅਜ਼ਰਾ ਦੀ ਗੱਲ ਨਾਲ ਸਹਿਮਤ ਹੁੰਦਿਆਂ ਰੌਲਾ ਪਾ ਦਿੱਤਾ। ਉਨ੍ਹਾਂ ਮੰਨਿਆ ਕਿ ਇਸ ਮਸਲੇ ਤੇ ਆਗਿਆਕਾਰ ਹੋਣ ਲਈ ਉਨ੍ਹਾਂ ਲਈ **ਇਹ ਗੱਲ** ਕਰਨੀ ਜ਼ਰੂਰੀ ਸੀ (ਮੂਲ ਵਿਚ, ''*[ਇਹ]* ਸਾਡੇ ਤੇ ਹੈ'')।

ਆਇਤ 13. ਆਪਣੀ ਸਹਿਮਤੀ ਦੇ ਬਾਵਜੂਦ, ਉੱਥੇ ਮੌਜੂਦ ਲੋਕਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਲਈ ਇਸ ਮੁਸ਼ਕਿਲ ਨੂੰ ਇਕਦਮ ਠੱਲ੍ਹ ਪਾਉਣਾ ਅਸੰਭਵ ਹੋਣਾ ਸੀ। ਐਨੇ ਸਾਰੇ ਅਪਰਾਧ ਹੋਣ ਕਰਕੇ ਇਹ ਕੰਮ **ਇਕ ਦਿਨ ਦਾ** ਜਾਂ **ਦੋ ਦਿਨ ਦਾ ਕੰਮ** ਨਹੀਂ ਹੋਣਾ ਸੀ। ਨਾਲੇ ਇਹ **ਵੱਡੀ ਵਾਛੜ ਦਾ ਮੌਸਮ** (10:9 ਤੇ ਟਿੱਪਣੀਆਂ ਵੇਖੋ) ਸੀ, ਇਸ ਕਰਕੇ ਉਨ੍ਹਾਂ ਆਖਿਆ ਕਿ ਇਹ ਉੱਥੇ ਨਹੀਂ ਹੋ ਸਕਦਾ ਸੀ ਜਿੱਥੇ ਉਹ ਇਸ ਸਮੇਂ ਇਕੱਠੇ ਹੋਏ ਹੋਏ ਸਨ।

ਆਇਤ 14. ਇਸ ਕਰਕੇ, **ਸ ਭਾ** ਨੇ ਆਖਿਆ ਕਿ ਉਨ੍ਹਾਂ ਨੂੰ ਘਰਾਂ ਵਿਚ ਜਾਣ ਦਿੱਤਾ ਜਾਵੇ ਅਤੇ ਉਨ੍ਹਾਂ ਦੇ **ਸਰਦਾਰ** ਉਨ੍ਹਾਂ ਲੋਕਾਂ ਦੇ ਕੇਸੇ ਜਿਨ੍ਹਾਂ ਨੇ **ਕੁਜਾਤ ਜਨਾਨੀਆਂ ਨੂੰ ਘਰੀਂ** ਬਿਠਾਇਆ ਹੋਇਆ ਸੀ, ਸਿਲਸਿਲੇਵਾਰ ਢੰਗ ਨਾਲ ਸੁਣ ਸਕਣਾ। ਸਾਫ਼ ਹੈ ਕਿ ਉਨ੍ਹਾਂ ਦੇ ਮਾਮਲਿਆਂ ਦੀ ਜਾਂਚ ਲਈ ਉਨ੍ਹਾਂ ਦੋਸ਼ੀ ਬੰਦਿਆਂ ਲਈ ਆਪੋ ਆਪਣੇ **ਸ਼ਹਿਰਾਂ** ਤੋਂ **ਬਜ਼ੁਰਗ ਅਰ ਨਿਆਈ** ਨਾਲ ਲਿਆਉਣਾ **ਸਮੇਂ** ਦੀ ਲੋੜ ਸੀ। ਇਹ ਤਰੀਕਾ ਅਪਣਾ ਕੇ ਲੋਕਾਂ ਨੂੰ ਉਮੀਦ ਸੀ ਕਿ ਯਹੋਵਾਹ ਦਾ **ਵੱਡਾ ਕ੍ਰੋਧ** ਇਸਰਾਏਲ ਤੋਂ **ਮੁੜ** ਜਾਵੇਗਾ।

ਆਇਤ 15. ਉੱਥੇ ਮੌਜੂਦ ਤਕਰੀਬਨ ਹਰ ਬੰਦੇ ਨੇ ਉਸ ਯੋਜਨਾ ਨੂੰ ਮੰਨ ਲਿਆ। ਪਰ ਚਾਰ ਬੰਦੇ ਜਿਨ੍ਹਾਂ ਦੇ ਨਾਂਅ **ਯੋਨਾਥਾਨ**, **ਯਹਜ਼ਯਾਹ**, **ਮਸ਼ੁੱਲਾਮ ਤੇ ਸ਼ਬਤਈ** ਸਨ, ਇਸ ਦੇ ਵਿਰੋਧ ਵਿਚ[13] ਉੱਠ ਖਲੋਤੇ। ਉਨ੍ਹਾਂ ਦੇ ਵਿਰੋਧ ਦੀ ਗੱਲ (ਇਸ ਤੱਥ ਦੇ ਨਾਲ ਕਿ ਉਨ੍ਹਾਂ ਦੀ ਨਕਾਰਾਤਮਕ ਵੋਟ ਕਰਕੇ ਉਨ੍ਹਾਂ ਦੇ ਛੇਕੇ ਜਾਣ ਜਾਂ ਕੋਈ ਸਜ਼ਾ ਦਿੱਤੇ ਜਾਣ ਦਾ ਕੋਈ ਰਿਕਾਰਡ ਨਹੀਂ ਹੈ) ਸੰਕੇਤ ਦਿੰਦਾ ਹੈ ਕਿ ਇਕ ਤਰ੍ਹਾਂ ਦੀ ਲੋਕਰਾਜੀ ਪ੍ਰਣਾਲੀ ਅਮਲ ਵਿਚ ਲਿਆਂਦੀ ਗਈ। ਅਜ਼ਰਾ ਨੇ ਸਮਝਾਇਆ, ਸ਼ਕਨਯਾਹ ਨੇ ਹੱਲ ਪੇਸ਼ ਕੀਤਾ ਅਤੇ ਉੱਥੇ ਮੌਜੂਦ ਲੋਕ ਇਸ ਨਾਲ ਸਹਿਮਤ ਹੋਏ। ਇਸ ਤੋਂ ਬਾਅਦ ਅਜ਼ਰਾ ਨੇ ਪੂਰੀ ਸਭਾ ਨੂੰ ਤਰੀਕਾ ਸਮਝਾਇਆ ਅਤੇ ਸਭਾ ਨੇ ਇਕ ਤਰ੍ਹਾਂ ਨਾਲ ਵੋਟ ਦਿੱਤੀ। ਨਤੀਜੇ ਵਜੋਂ ਲਗਭਗ ਇਕਮੱਤ ਹੋਕੇ ਲੋਕਾਂ ਨੇ ਸੁਝਾਅ ਨੂੰ ਮੰਨਿਆ ਪਰ ਸਿਰਫ਼ ਚਾਰ ਜਣਿਆਂ ਨੇ ''ਨਾ'' ਆਖੀ, ਪਰ ਉਨ੍ਹਾਂ ਨੂੰ ਆਪਣਾ ਵਿਚਾਰ ਰੱਖਣ ਦਾ ਹੱਕ ਸੀ।

ਉਨ੍ਹਾਂ ਦੇ ਵਿਰੋਧ ਲਈ ਕੀਤੀ ਗਈ ਬਹਿਸ ਨਹੀਂ ਦੱਸੀ ਗਈ। ਸ਼ਾਇਦ ਉਹ ਸ਼ਕਨਯਾਹ ਵੱਲੋਂ ਕੀਤੀ ਗਈ ਸ਼ਰ੍ਹਾ ਦੀ ਵਿਆਖਿਆ ਨਾਲ ਸਹਿਮਤ ਨਹੀਂ ਸਨ ਅਤੇ ਉਨ੍ਹਾਂ ਨੂੰ ਲੱਗਾ ਕਿ ਕੁਜਾਤ ਜਨਾਨੀਆਂ ਨੂੰ ਛੱਡਣਾ ਨਹੀਂ ਚਾਹੀਦਾ। ਇਕ ਹੋਰ ਸੰਭਾਵਨਾ ਇਹ ਹੈ ਕਿ ਉਨ੍ਹਾਂ ਨੂੰ ਇਹ ਲੱਗਾ ਕਿ ਅਪਣਾਏ ਗਏ ਤਰੀਕੇ ਕੁਝ ਜ਼ਿਆਦਾ ਹੀ ਲਚੀਲੇ ਹਨ। ਭਾਵ ਮਸਲੇ ਦਾ ਫੌਰੀ ਹੱਲ ਹੋਣਾ ਚਾਹੀਦਾ ਹੈ ਅਤੇ ਸਾਰੀਆਂ ਕੁਜਾਤ ਜਨਾਨੀਆਂ ਨੂੰ ਫੌਰੀ ਤੌਰ ਤੇ ਕੱਢ ਦਿੱਤਾ ਜਾਵੇ।

ਆਇਤਾਂ 16, 17. ਇਹ ਸਾਫ਼-ਸਾਫ਼ ਕਿਹਾ ਗਿਆ ਹੈ: **ਤਾਂ ਅਸੀਰੀ ਦੇ ਲੋਕਾਂ ਨੇ ਇਵੇਂ ਹੀ ਕੀਤਾ।** ਇਬਰਾਨੀ ਲਿਖਤ ਵਿਚ ਇਨ੍ਹਾਂ ਨੂੰ ''ਅਸੀਰੀ ਦੇ ਪੁੱਤਰ'' (*b^e^ney haggolah*, *ਬੇਨੇ ਹੱਗੋਲਾ*) ਕਿਹਾ ਗਿਆ ਹੈ। ਕੁਝ ਕੁ ਨਕਾਰਾਤਮਕ ਵੋਟਾਂ ਦੇ ਬਾਵਜੂਦ, ਵਾਪਸ ਆਉਣ ਵਾਲਿਆਂ ਦੀ ਬਰਾਦਰੀ ਨੇ ਉਸ ਯੋਜਨਾ ਉੱਤੇ ਅਮਲ ਕੀਤਾ ਜਿਸ ਲਈ ਉਹ ਸਹਿਮਤ ਹੋਏ ਸਨ।

ਅਜ਼ਰਾ ਜਾਜਕ ਨੇ **ਕਈ ਪਿਤ੍ਰਾਂ ਦੇ ਘਰਾਣਿਆਂ ਦੇ ਮੁਖੀਏ . . . ਅੱਡ** ਕੀਤੇ, ਜੋ ਕਿ ਯਕੀਨੀ ਤੌਰ ਤੇ ਯਹੂਦੀਆਂ ਵੱਲੋਂ ਸਮਝਦਾਰ ਅਤੇ ਯੋਗ ਆਗੂ ਮੰਨੇ ਜਾਂਦੇ ਹੋਣਗੇ। NASB ਦੇ ਅਨੁਸਾਰ, ''ਅਜ਼ਰਾ

ਯਾਜਕ ਨੇ ਮੁਖੀਆਂ ਨੂੰ ਚੁਣਿਆ।'' ਇਸ ਤੋਂ ਇਉਂ ਲਗਦਾ ਹੈ ਕਿ ਜਿਵੇਂ ਅਜ਼ਰਾ ਇਨ੍ਹਾਂ ਵਿਆਹਾਂ ਦੀ ਜਾਂਚ ਲਈ ਬਿਠਾਲੇ ਗਏ ਕਮੀਸ਼ਨ ਦਾ ਹਿੱਸਾ ਸੀ। NKJV ਇਸ ਵਿਚਾਰ ਦਾ ਪੱਖ ਕਰਦਾ ਹੈ, ''ਵਢੇਰਿਆਂ ਦੇ ਘਰਾਣਿਆਂ ਦੇ ਕੁਝ ਆਗੂਆਂ ਸਣੇ ਅਜ਼ਰਾ ਯਾਜਕ ਨੂੰ ਵਢੇਰਿਆਂ ਦੇ ਘਰਾਣਿਆਂ ਦੇ ਮੁਤਾਬਕ ਅੱਡ ਕੀਤਾ ਗਿਆ।'' ਪਰ ਹੋਰ ਅਨੁਵਾਦ NASB ਨਾਲ ਸਹਿਮਤ ਹਨ।

ਚੁਣੇ ਹੋਏ ਲੋਕਾਂ ਨੇ **ਦਸਵੇਂ ਮਹੀਨੇ ਦੀ ਪਹਿਲੀ ਤਰੀਖ ਨੂੰ** ਆਪਣਾ ਕੰਮ ਸ਼ੁਰੂ ਕਰ ਦਿੱਤਾ। ਬਾਰਿਸ਼ ਵਿਚ ਯਹੂਦੀਆਂ ਦੇ ਇਕੱਠੇ ਹੋਣ ਤੋਂ ਕੁਝ ਦਸ ਕੁ ਦਿਨ ਬਾਅਦ ਅਤੇ ਮਾਮਲਾ ਅਜ਼ਰਾ ਦੇ ਧਿਆਨ ਵਿਚ ਲਿਆਉਣ ਤੋਂ ਦੋ ਕੁ ਹਫ਼ਤਿਆਂ ਬਾਅਦ ਦੀ ਗੱਲ ਹੈ (10: 1–9)। ਆਗੂਆਂ ਨੇ ਆਪਣੀ ਜਾਂਚ ਨੂੰ ਪੂਰਾ ਕਰਨ ਵਿਚ ਤਿੰਨ ਮਹੀਨੇ ਲਾਏ। ਉਨ੍ਹਾਂ ਨੇ ਅਜ਼ਰਾ ਦੇ ਨਾਲਦਿਆਂ ਦੇ ਬਾਬਲ ਵਿੱਚੋਂ ਨਿੱਕਲਣ ਤੋਂ ਇਕ ਸਾਲ ਬਾਅਦ **ਪਹਿਲੇ ਮਹੀਨੇ ਦੀ ਪਹਿਲੀ ਤਰੀਖ ਨੂੰ ਮੁਕਾ ਦਿੱਤਾ** (7:9)।

ਇਹ ਨਹੀਂ ਦੱਸਿਆ ਗਿਆ ਹੈ ਕਿ ਉਨ੍ਹਾਂ ਨੇ ਕੀ ਕੀ ਜਾਂਚ ਕੀਤੀ। ਸ਼ਾਇਦ ਕੁਝ ਇਸ ਤਰ੍ਹਾਂ ਹੋਇਆ ਹੋਵੇਗਾ: ਜਿਨ੍ਹਾਂ ਆਦਮੀਆਂ ਬਾਰੇ ਇਹ ਮੰਨਿਆ ਜਾਂਦਾ ਸੀ ਕਿ ਉਨ੍ਹਾਂ ਨੇ ਕੁਜਾਤ ਜਨਾਨੀਆਂ ਰੱਖੀਆਂ ਹੋਈਆਂ ਹਨ ਉਨ੍ਹਾਂ ਨੂੰ ਯਰੂਸ਼ਲਮ ਵਿਚ ਕਮੀਸ਼ਨ ਦੇ ਅੱਗੇ ਪੇਸ਼ ਹੋਣ ਲਈ ਕਿਹਾ ਗਿਆ। ਉਨ੍ਹਾਂ ਦੇ ਪਿੰਡਾਂ ਜਾਂ ਸ਼ਹਿਰਾਂ ਦੇ ਆਗੂ ਇਸ ਨੂੰ ਵੇਖਣ ਅਤੇ ਇਸ ਦੀ ਤਸਦੀਕ ਕਰਨ ਲਈ ਉੱਥੇ ਸਨ। ਮੁਲਜ਼ਮਾਂ ਨੂੰ ਸਬੂਤ ਦੇਣ ਦੀ ਇਜਾਜ਼ਤ ਸੀ ਕਿ ਉਨ੍ਹਾਂ ਦੀਆਂ ਪਤਨੀਆਂ ਸਚਮੁਚ ਵਿਦੇਸ਼ੀ ਨਹੀਂ ਸਨ ਬਲਕਿ ਉੱਥੋਂ ਦੀਆਂ ਜੱਮਪਲ ਜਾਂ ਯਹੂਦੀ ਮੁਰੀਦ ਸਨ। ਉਨ੍ਹਾਂ ਦੇ ਸ਼ਹਿਰਾਂ ਦੇ ਦੂਜੇ ਲੋਕਾਂ ਨੂੰ ਉਨ੍ਹਾਂ ਦੇ ਦਾਅਵੇ ਨੂੰ ਮੰਨਣ ਜਾਂ ਉਸ ਦਾ ਇਨਕਾਰ ਕਰਨ ਦਾ ਮੌਕਾ ਸੀ।[14] ਇਸ ਤੋਂ ਬਾਅਦ ਯਰੂਸ਼ਲਮ ਵਿਚ ਕਮੀਸ਼ਨ ਨੇ ਆਪਣਾ ਫ਼ੈਸਲਾ ਸੁਣਾਉਣਾ ਸੀ। ਜੇ ਕਿਸੇ ਔਰਤ ਦਾ ਫ਼ੈਸਲਾ ਇਹ ਹੋਇਆ ਹੋਵੇ ਕਿ ਉਹ ''ਕੁਜਾਤ'' ਜਾਂ ''ਵਿਦੇਸ਼ੀ'' ਜਾਂ ਕਾਫ਼ਿਰ ਪਤਨੀ ਹੈ ਤਾਂ ਆਦਮੀ ਲਈ ਉਸ ਨੂੰ ਉਸ ਦੇ ਬੱਚਿਆਂ ਸਣੇ ਕੱਢ ਦੇਣਾ ਜ਼ਰੂਰੀ ਸੀ।

ਉਲੰਘਣਾ ਕਰਨ ਵਾਲਿਆਂ ਦੇ ਨਾਂਅ (10:18-44)

**18ਅਤੇ ਜਾਜਕਾਂ ਦੇ ਪੁੱਤ੍ਰਾਂ ਵਿੱਚੋਂ ਜਿਨ੍ਹਾਂ ਦੇ ਕੁਜਾਤ ਜਨਾਨੀਆਂ ਬੈਠੀਆਂ ਸਨ ਏਹ ਪਾਏ ਗਏ
ਅਰਥਾਤ ਯੋਸਾਦਾਕ ਦੇ ਪੁੱਤਰ ਯੇਸ਼ੂਆ ਦੇ ਪੁੱਤ੍ਰਾਂ ਵਿੱਚੋਂ ਅਤੇ ਉਹ ਦੇ ਭਰਾ ਮਅਸ਼ੇਯਾਹ ਤੇ ਅਲੀਅਜ਼ਰ
ਤੇ ਯਰੀਬ ਤੇ ਗਦਲਯਾਹ 19ਅਤੇ ਉਨ੍ਹਾਂ ਨੇ ਆਪਣੀਆਂ ਤੀਵੀਆਂ ਨੂੰ ਕੱਢ ਦੇਣ ਦਾ ਬਚਨ ਦਿੱਤਾ
ਅਤੇ ਦੋਸ਼ੀ ਹੋਣ ਦੇ ਕਾਰਨ ਉਨ੍ਹਾਂ ਨੇ ਇੱਜੜ ਦਾ ਇੱਕ ਛੱਤ੍ਰਾ ਦੋਸ਼ ਦੀ ਬਲੀ ਲਈ ਚੜ੍ਹਾਇਆ 20ਅਤੇ
ਇੰਮੇਰ ਦੇ ਪੁੱਤ੍ਰਾਂ ਵਿੱਚੋਂ - ਹਨਾਨੀ ਤੇ ਜ਼ਬਦਯਾਹ 21ਅਤੇ ਹਾਰੀਮ ਦੇ ਪੁੱਤ੍ਰਾਂ ਵਿੱਚੋਂ - ਮਅਸ਼ੇਯਾਹ ਤੇ
ਏਲੀਆਹ ਤੇ ਸ਼ਮਅਯਾਹ ਤੇ ਯਹੀਏਲ ਤੇ ਉੱਜ਼ੀਯਾਹ 22ਅਤੇ ਪਸ਼ਹੂਰ ਦੇ ਪੁੱਤ੍ਰਾਂ ਵਿੱਚੋਂ ਅਲਯੋਏਨਈ,
ਮਅਸ਼ੇਯਾਹ, ਇਸਮਾਏਲ, ਨਥਨਏਲ, ਯੋਜ਼ਾਬਾਦ ਤੇ ਅਲਆਸਾਹ 23ਅਤੇ ਲੇਵੀਆਂ ਵਿੱਚੋਂ- ਯੋਜ਼ਾਬਾਦ
ਤੇ ਸ਼ਿਮਈ ਤੇ ਕੇਲਾਯਾਹ ਜੋ ਕਲੀਟਾ ਵੀ ਹੈ, ਪਥਹਯਾਹ, ਯਹੂਦਾਹ ਤੇ ਅਲੀਅਜ਼ਰ। 24ਅਤੇ ਗਵੱਯਾਂ
ਵਿੱਚੋਂ - ਅਲਯਾਸ਼ੀਬ ਅਤੇ ਦਰਬਾਨਾਂ ਵਿੱਚੋਂ- ਸ਼ੱਲੂਮ ਤੇ ਟਲਮ ਤੇ ਊਰੀ। 25ਅਤੇ ਇਸਰਾਏਲ ਵਿੱਚੋਂ
- ਪਰੋਸ਼ ਦੇ ਪੁੱਤ੍ਰਾਂ ਵਿੱਚੋਂ- ਰਮਯਾਹ ਤੇ ਯਿਜ਼ਯਾਹ ਤੇ ਮਲਕੀਯਾਹ ਤੇ ਮੀਯਾਮੀਨ ਤੇ ਅਲਆਜ਼ਾਰ ਤੇ
ਮਲਕੀਯਾਹ ਤੇ ਬਨਾਯਾਹ 26ਅਤੇ ਏਲਾਮ ਦੇ ਪੁੱਤ੍ਰਾਂ ਵਿੱਚੋਂ - ਮੱਤਨਯਾਹ, ਜ਼ਕਰਯਾਹ, ਯਹੀਏਲ,
ਤੇ ਅਬਦੀ ਤੇ ਯਰੇਮੋਥ ਤੇ ਏਲੀਆਹ 27ਅਤੇ ਜ਼ੱਤੂ ਦੇ ਪੁੱਤ੍ਰਾਂ ਵਿੱਚੋਂ - ਅਲਯੋਏਨਈ, ਅਲਯਾਸੀਬ,
ਮੱਤਨਯਾਹ ਤੇ ਯਰੇਮੋਥ ਤੇ ਜ਼ਾਬਾਦ ਤੇ ਅਜ਼ੀਜ਼ਾ 28ਅਤੇ ਬੋਬਈ ਦਾ ਪੁੱਤ੍ਰਾਂ ਵਿੱਚੋਂ - ਯਹੋਹਾਨਾਨ,
ਹਨੱਨਯਾਹ, ਜ਼ੱਬਈ, ਅਥਲਈ 29ਅਤੇ ਬਾਨੀ ਦੇ ਪੁੱਤ੍ਰਾਂ ਵਿੱਚੋਂ-ਮਸ਼ੁੱਲਾਮ, ਮੱਲੂਕ ਤੇ ਅਦਾਯਾਹ,
ਯਾਸ਼ੂਬ ਤੇ ਸ਼ਆਲ ਤੇ ਰਾਮੋਥ 30ਅਤੇ ਪਹਥ-ਮੋਆਬ ਦੇ ਪੁੱਤ੍ਰਾਂ ਵਿੱਚੋਂ - ਅਦਨਾ ਤੇ ਕਲਾਲ, ਬਨਾਯਾਹ,**

ਮਅਸੇਆਹ, ਮੱਤਨਯਾਹ, ਬਸਲੇਲ ਤੇ ਬਿੰਨੂਈ ਤੇ ਮਨੱਸ਼ਹ [31]ਹਾਰੀਮ ਦੇ ਪੁੱਤ੍ਰਾਂ ਵਿੱਚੋਂ - ਅਲੀਅਜ਼ਰ, ਯਿੱਸ਼ੀਯਾਹ, ਮਲਕੀਯਾਹ, ਸ਼ਮਅਯਾਹ, ਸ਼ਿਮਓਨ [32]ਬਿਨਯਾਮੀਨ, ਮੱਲੂਕ, ਸ਼ਮਰਯਾਹ [33]ਹਾਸ਼ੁਮ ਦੇ ਪੁੱਤ੍ਰਾਂ ਵਿੱਚੋਂ - ਮਤਨਈ, ਮੱਤੱਤਾਹ, ਜ਼ਾਬਾਦ, ਅਲੀਫਲਟ, ਯਰੇਮਈ, ਮਨੱਸ਼ਹ, ਸ਼ਿਮਈ [34]ਬਾਨੀ ਦੇ ਪੁੱਤ੍ਰਾਂ ਵਿੱਚੋਂ - ਮਅਦਈ, ਅਮਰਾਮ ਤੇ ਊਏਲ [35]ਬਨਾਯਾਹ, ਬੇਦਯਾਹ, ਕਲੂਹੀ [36]ਵਨਯਾਹ, ਮਰੇਮੋਥ, ਅਲਯਾਸ਼ੀਬ [37]ਮੱਤਨਯਾਹ, ਮੱਤਨਈ, ਤੇ ਯਅਸਾਈ [38]ਅਤੇ ਬਾਨੀ ਤੇ ਬਿੰਨੂਈ, ਸ਼ਿਮਈ [39]ਅਤੇ ਸ਼ਲਮਯਾਹ ਤੇ ਨਾਥਾਨ ਤੇ ਅਦਾਯਾਹ [40]ਮਕਨਦਬਈ, ਸ਼ਾਸ਼ਈ, ਸ਼ਾਰਈ [41]ਅਜ਼ਰੇਲ ਤੇ ਸ਼ਲਮਯਾਹ, ਸ਼ਮਰਯਾਹ [42]ਸ਼ੱਲੂਮ, ਅਮਰਯਾਹ, ਯੂਸੁਫ਼ [43]ਨਬੋ ਦੇ ਪੁੱਤ੍ਰਾਂ ਵਿੱਚੋਂ - ਯਈਏਲ, ਮੱਤਿਥਯਾਹ, ਜ਼ਾਬਾਦ, ਜ਼ਬੀਨਾ, ਯੱਦਈ, ਤੇ ਯੋਏਲ, ਬਨਾਯਾਹ [44]ਏਹ ਸਭ ਕੁਜਾਤ ਜਨਾਨੀਆਂ ਘਰੀਂ ਬਿਠਾਏ ਹੋਏ ਸਨ ਅਤੇ ਉਨ੍ਹਾਂ ਵਿੱਚ ਕਈ ਓਹ ਤੀਵੀਆਂ ਸਨ ਜਿਨ੍ਹਾਂ ਦੇ ਬੱਚੇ ਵੀ ਸਨ।

ਅਧਿਆਇ ਅਤੇ ਕਿਤਾਬ ਦੀ ਸਮਾਪਤੀ ਨਾਵਾਂ ਦੀ ਇਕ ਹੋਰ ਲਿਸਟ ਨਾਲ ਹੁੰਦੀ ਹੈ। ਇਸ ਵਾਰ ਉਨ੍ਹਾਂ ਦੇ ਨਾਂਅ ਹਨ ਜਿਨ੍ਹਾਂ ਨੇ ਆਪਣੀਆਂ ਵਿਦੇਸ਼ੀ ਪਤਨੀਆਂ ਨੂੰ ਕੱਢ ਦਿੱਤਾ।

ਆਇਤਾਂ 18-44. ਲੇਖਕ ਨੇ ਇਸ ਭਾਗ ਵਿਚ ਸਾਰੇ ਨਾਂਅ ਕਿਉਂ ਲਿਖ ਦਿੱਤੇ? ਸ਼ਾਇਦ ਉਸ ਨੇ ਇਸ ਲਿਸਟ ਵਿਚ ਇਹ ਨਾਂਅ ਓਸੇ ਕਰਕੇ ਜੋੜੇ ਜਿਸ ਕਰਕੇ ਦੂਜੇ ਜੋੜੇ ਸਨ। ਉਨ੍ਹਾਂ ਘਟਨਾਵਾਂ ਵਿਚਲੇ ਲੋਕਾਂ ਦੇ ਅਸਲ ਨਾਂਅ ਦੇਣਾ ਜਿਨ੍ਹਾਂ ਦੀ ਉਹ ਗੱਲ ਕਰ ਰਿਹਾ ਸੀ, ਲਿਸਟਾਂ ਲਈ ਉਸ ਦਾ ਪਿਆਰ, ਇਸ ਵਿਰਤਾਂਤ ਦੀ ਇਤਿਹਾਸਿਕਤਾ ਦੀ ਗਰੰਟੀ ਲਈ ਉਸ ਦੀ ਚਿੰਤਾ ਦੀ ਤਸਦੀਕ ਕਰਦਾ ਹੈ। ਉਸਨੇ ਗੱਲ ਸਾਧਾਰਣਤਾਵਾਂ ਵਿਚ ਨਹੀਂ ਕੀਤੀ ਬਲਕਿ ਵਿਸ਼ੇਸ਼ਤਾਵਾਂ ਨੂੰ ਜੋੜਿਆ। ਇਹ ਕਹਿਣ ਦੀ ਬਜਾਇ ਕਿ ‘‘ਬਹੁਤ ਸਾਰੇ ਲੋਕਾਂ ਨੇ ਤੋਬਾ ਕੀਤੀ’’ ਉਸ ਨੇ ਪਾਠਕਾਂ ਨੂੰ ਇਹ ਯਕੀਨ ਦੁਆਉਂਦਿਆਂ ਕਿ ਇਹ ਘਟਨਾਵਾਂ ਸਚਮੁਚ ਵਿਚ ਵਾਪਰੀਆਂ, ਉਨ੍ਹਾਂ ਨੂੰ ਉਨ੍ਹਾਂ ਦੀ ਪਛਾਣ ਕਰਵਾਈ।

ਇਸ ਲਿਸਟ ਵਿਚ ਤਕਰੀਬਨ 110 ਬੰਦਿਆਂ ਦੇ ਨਾਂਅ ਹਨ ਜਿਨ੍ਹਾਂ ਨੇ ਆਪੋ ਆਪਣੀਆਂ **ਕੁਜਾਤ ਜਨਾਨੀਆਂ** ਛੱਡ ਦਿੱਤੀਆਂ ਸਨ।[15] ਇਹ ਗਿਣਤੀ ਭਾਵੇਂ ਵੱਡੀ ਹੈ ਪਰ ਜ਼ਰੁੱਬਾਬਲ ਨਾਲ ਬਾਬਲ ਵਿਚ ਯਰੂਸ਼ਲਮ ਵਿਚ ਆਉਣ ਵਾਲਿਆਂ ਦੀ ਲਿਸਟ ਨਾਲ ਤੁਲਨਾ ਕਰਨ ਤੇ ਇਹ ਪੂਰੀ ਅਬਾਦੀ ਦਾ ਛੋਟਾ ਜਿਹਾ ਪ੍ਰਤੀਸ਼ਤ (1 ਨਾਲੋਂ ਵੀ ਘੱਟ) ਲਗਦਾ ਹੈ (ਅਧਿਆਇ 2)।[16] ਰਲੇ ਮਿਲੇ ਵਿਆਹਾਂ ਲਈ ਜਤਾਈ ਗਈ ਵੱਡੀ ਚਿੰਤਾ ਨੂੰ ਧਿਆਨ ਵਿਚ ਰੱਖਦਿਆਂ ਇਸ ਫ਼ੀਸਦੀ ਦਾ ਕੀ ਮਤਲਬ ਹੋ ਸਕਦਾ ਹੈ? ਕਈ ਸੰਭਾਵਨਾਵਾਂ ਨਿੱਕਲਦੀਆਂ ਹਨ।

1. ਕੁਝ ਪਤਨੀਆਂ ਨੇ ਖ਼ੁਦਾ ਦੇ ਮਗਰ ਲੱਗਣਾ ਚੁਣ ਲਿਆ ਹੋ ਸਕਦਾ ਹੈ। ਹੋਰਨਾਂ ਨੇ ਜਿਨ੍ਹਾਂ ਬਦਲਣ ਤੋਂ ਇਨਕਾਰ ਕਰ ਦਿੱਤਾ, ਆਪਣੇ ਪਤੀਆਂ ਨੂੰ ਯਹੂਦੀ ਬਰਾਦਰੀ ਨੂੰ ਛੱਡਣ ਲਈ ਮਨਾ ਲਿਆ ਹੋਵੇਗਾ।

2. ਨਾਵਾਂ ਦੀ ਇਹ ਲਿਸਟ ਸ਼ਾਇਦ ਸਿਰਫ਼ ਨਮੂਨਾ ਹੀ ਹੈ। ਇਹ ਲੋਕ ਜਿਨ੍ਹਾਂ ਨੇ ਵਿਦੇਸ਼ੀਆਂ ਨੂੰ ਤਲਾਕ ਦਿੱਤਾ ਸਿਰਫ਼ ਉਸ ਵੱਡੀ ਅਬਾਦੀ ਦਾ ਨਮੂਨਾ ਹੀ ਹੋਣ ਜਿਨ੍ਹਾਂ ਨੇ ਆਪੋ ਆਪਣੀਆਂ ਪਤਨੀਆਂ ਨੂੰ ਛੱਡ ਦਿੱਤਾ। ਜਿਨ੍ਹਾਂ ਦੇ ਨਾਂਅ ਦਿੱਤੇ ਗਏ ਹਨ, ਹੋ ਸਕਦਾ ਹੈ ਕਿ ਉਹ ਉੱਚ ਵਰਗ ਦੇ ਲੋਕ ਹੋਣ ਜਿਹੜੇ ਵਿਦੇਸ਼ੀ ਔਰਤਾਂ ਨਾਲ ਅੰਤਰ ਵਿਆਹ ਕਰਨ ਦੇ ਦੋਸ਼ੀ ਪਾਏ ਗਏ ਸਨ। ਜੇ ਇਹ ਗੱਲ ਹੈ ਤਾਂ ਦੂਸਰੇ ਲੋਕ ਜਿਹੜੇ ਦੋਸ਼ੀ ਵੀ ਸਨ ਅਤੇ ਉਨ੍ਹਾਂ ਨੇ ਆਪਣੀਆਂ ਪਤਨੀਆਂ ਨੂੰ ਵੀ ਛੱਡ ਦਿੱਤਾ ਸੀ ਪਰ ਛੋਟੇ ਵਰਗ ਦੇ ਲੋਕ ਸਨ ਜਿਸ ਕਰਕੇ ਉਨ੍ਹਾਂ ਦੇ ਨਾਂਅ ਇਸ ਫ਼ਹਰਿਸਤ ਵਿਚ ਨਹੀਂ ਦਿੱਤੇ ਗਏ।

3. ਭਾਵੇਂ ਇਸ ਵੱਡੀ ਗਿਣਤੀ ਦੇ ਆਦਮੀਆਂ ਨੇ ਤੋਬਾ ਕਰਕੇ ਸ਼ਰ੍ਹਾ ਦੀ ਗੱਲ ਮੰਨ ਲਈ, ਪਰ ਹੋਰ ਬਹੁਤ ਸਾਰਿਆਂ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਹੋਵੇਗਾ। ਇਸਰਾਏਲ ਵਿਚ ਰਲੇ ਮਿਲੇ ਵਿਆਹਾਂ ਦੀ ਮੁਸ਼ਕਿਲ ਦਾ ਹੱਲ ਸਿਰਫ਼ ਆਂਸ਼ਿਕ ਤੌਰ ਤੇ ਹੀ ਪ੍ਰਭਾਵੀ ਰਿਹਾ ਹੋਵੇਗਾ।[17]

ਜੇ ਇਹ ਇਵੇਂ ਹੋਇਆ ਤਾਂ ਦਿੱਤੇ ਗਏ ਨਾਂਅ ਬਹੁਤਾ ਕਰਕੇ ਸਨਮਾਨ ਲਈ ਸਨ। ਸਾਰੇ ਅਪਰਾਧ ਕਰਨ ਵਾਲਿਆਂ ਵਿੱਚੋਂ ਸਿਰਫ਼ ਇਹੀ ਲੋਕ ਸ਼ਰ੍ਹਾ ਨੂੰ ਮੰਨਣ ਅਤੇ ਉਸ ਸੰਹੁ ਨੂੰ ਪੂਰਿਆਂ ਕਰਨ ਲਈ ਤਿਆਰ ਸਨ ਜਿਹੜੀ ਉਨ੍ਹਾਂ ਨੇ ਖਾਧੀ ਸੀ।

ਜੋ ਵੀ ਹੋਵੇ, ਇਹ ਤਸਦੀਕ ਕਰਨ ਲਈ ਕਿ ਅੰਤਰ–ਵਿਆਹ ਨਾਲ ਰੂਹਾਨੀ ਤੌਰ ਤੇ ਕੌਮ ਦੀ ਖਰਾਈ ਲਈ ਸਚਮੁਚ ਦਾ ਖ਼ਤਰਾ ਪੈਦਾ ਹੋ ਗਿਆ ਸੀ, ਇਹ ਗਿਣਤੀ ਮਹੱਤਵਪੂਰਣ ਹੈ। ਇਹ ਵਿਚਾਰ ਕਰਨ ਤੇ ਕਿ ਯਹੂਦੀਆਂ ਦੇ ਕਈ ਆਗੂਆਂ ਦੇ ਨਾਂਅ ਦਿੱਤੇ ਗਏ ਹਨ, ਇਹ ਗੱਲ ਖ਼ਾਸ ਤੌਰ ਤੇ ਸੱਚ ਹੈ। ਇਨ੍ਹਾਂ ਇਕ ਸੌ ਤੋਂ ਵੱਧ ਵਿਆਹਾਂ ਨਾਲ ਪੂਰੀ ਕੌਮ ਵਿਚ ਪਾਪ ਅਸਾਨੀ ਨਾਲ ਫੈਲ ਕੇ ਵਧ ਸਕਦਾ ਸੀ।

ਸੂਚੀ ਵਿਚ **ਜਾਜਕਾਂ ਦੇ ਪੁੱਤ੍ਰਾਂ** (10:18), **ਲੇਵੀਆਂ** (10:23), **ਗਵੱਯਾਂ** ਅਤੇ **ਦਰਬਾਨਾਂ** (10:24), ਅਤੇ ਹੋਰਨਾਂ ਦੇ ਨਾਂਅ ਹਨ ਜਿਨ੍ਹਾਂ ਕੋਲ ਕੋਈ ਅਹੁਦਾ ਤਾਂ ਨਹੀਂ ਸੀ ਪਰ ਉਨ੍ਹਾਂ ਨੂੰ ਸਿਰਫ਼ **ਇਸਰਾਏਲ ਵਿੱਚੋਂ** ਦੱਸਿਆ ਗਿਆ (10:25)। ਸਾਫ਼ ਹੈ ਕਿ ਅੰਤਰਵਿਆਹ ਦੀ ਮਹਾਮਾਰੀ ਪੂਰੇ ਇਸਰਾਏਲ ਸਮਾਜ ਵਿਚ ਫੈਲ ਚੁੱਕੀ ਸੀ।

ਗਲਤੀ ਕਰਨ ਵਾਲੇ ਯਾਜਕਾਂ ਦੇ ਸਬੰਧ ਵਿਚ ਲਿਖਤ ਦੱਸਦੀ ਹੈ ਕਿ **ਉਨ੍ਹਾਂ ਨੇ ਆਪਣੀਆਂ ਤੀਵੀਆਂ ਨੂੰ ਕੱਢ ਦੇਣ ਦਾ ਬਚਨ ਦਿੱਤਾ**[18] ਅਤੇ **ਇੱਜੜ ਦਾ ਇੱਕ ਛੱਤ੍ਰਾ ਦੋਸ਼ ਦੀ ਬਲੀ ਲਈ ਚੜ੍ਹਾਇਆ** (10:19)। ਇਹ ਸਾਰੇ ਸ਼ਬਦ ਭਾਵੇਂ ਯਾਜਕਾਂ ਦੇ ਸਬੰਧ ਵਿਚ ਵਰਤੇ ਗਏ ਹਨ ਪਰ ਲਗਦਾ ਹੈ ਕਿ ਇਨ੍ਹਾਂ ਦੀ ਵਰਤੋਂ ਉਨ੍ਹਾਂ ਸਭ ਗੁੱਟਾਂ ਲਈ ਵੀ ਕੀਤੀ ਜਾਣੀ ਚਾਹੀਦੀ ਹੈ ਜਿਹੜੇ ਉਨ੍ਹਾਂ ਦੇ ਮਗਰ ਸਨ।[19] ਜਿੰਨੇ ਯਹੂਦੀ ਆਦਮੀਆਂ ਦੇ ਨਾਂਅ ਦਿੱਤੇ ਗਏ ਹਨ ਉਨ੍ਹਾਂ ਸਾਰਿਆਂ ਨੇ ਆਪੋ ਆਪਣੀਆਂ ਵਿਦੇਸ਼ੀ ਪਤਨੀਆਂ ਤੋਂ ਅੱਡ ਹੋਣ ਦਾ ਉਹੀ ਵਾਅਦਾ ਕੀਤਾ, ਅਤੇ ਹਰੇਕ ਨੇ ਆਪਣੇ ਅਪਰਾਧ ਦੀ ਮਾਫ਼ੀ ਪਾਉਣ ਲਈ ਦੋਸ਼ ਬਲੀ ਦਿੱਤੀ।

ਅਧਿਆਇ ਦੇ ਅੰਤ ਵਿਚ ਇਹ ਦੁਹਰਾਇਆ ਗਿਆ ਹੈ ਕਿ ਜਿਨ੍ਹਾਂ ਦੇ ਨਾਂਅ ਦਿੱਤੇ ਗਏ ਉਹ ਸਭ **ਕੁਜਾਤ ਜਨਾਨੀਆਂ ਘਰੀਂ ਬਿਠਾਏ ਹੋਏ ਸਨ** ਅਤੇ ਕਿਹਾ ਗਿਆ ਕਿ ਇਨ੍ਹਾਂ ਵਿੱਚੋਂ ਕੁਝ **ਦੇ ਬੱਚੇ ਵੀ ਸਨ** (10:44)। ਇਬਰਾਨੀ ਲਿਖਤ ਦਾ ਅਰਥ ਇੱਥੇ ਮੁਸ਼ਕਿਲ ਹੈ, ਪਰ ਸੰਭਵ ਤੌਰ ਤੇ ਅਨੁਵਾਦਕਾਂ ਵੱਲੋਂ ਇਸ ਨੂੰ ਬੜੀ ਚੰਗੀ ਤਰ੍ਹਾਂ ਨਾਲ ਪੇਸ਼ ਕੀਤਾ ਗਿਆ ਹੈ (ਵੇਖੋ NASB)। ਇਸ ਸੰਸਕਰਣ ਵਿਚ ਇਹ ਸਾਫ਼–ਸਾਫ਼ ਨਹੀਂ ਕਿਹਾ ਗਿਆ ਹੈ ਕਿ ਇਨ੍ਹਾਂ ਬੰਦਿਆਂ ਨੇ ਇਨ੍ਹਾਂ ਤੀਵੀਂਆਂ ਨੂੰ ਤਲਾਕ ਦੇ ਦਿੱਤਾ ਅਤੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਆਪਣੇ ਘਰਾਂ ਵਿੱਚੋਂ ਕੱਢ ਦਿੱਤਾ। ਇਸ ਦੇ ਉਲਟ, 1 ਇਸਡ੍ਰਾਸ 9:36 ਤੋਂ ਪ੍ਰਭਾਵਿਤ ਹੋ ਕੇ NRSV ਵਿਚ ਸਾਫ਼–ਸਾਫ਼ ਕਿਹਾ ਗਿਆ ਹੈ ਜਿਸ ਦਾ NASB ਵਿਚ ਸੰਕੇਤ ਹੈ: ''ਇਨ੍ਹਾਂ ਸਭਨਾਂ ਨੇ ਵਿਦੇਸ਼ੀ ਤੀਵੀਂਆਂ ਨਾਲ ਵਿਆਹ ਕੀਤੇ ਸਨ, ਅਤੇ ਉਨ੍ਹਾਂ ਨੇ ਉਨ੍ਹਾਂ ਦੇ ਬੱਚਿਆਂ ਸਣੇ ਉਨ੍ਹਾਂ ਨੂੰ ਕੱਢ ਦਿੱਤਾ।'' ਹੋਰਨਾਂ ਸੰਸਕਰਣਾਂ ਵਿਚ ਰਲਦੇ ਮਿਲਦੇ ਅਨੁਵਾਦ ਦਿੱਤੇ ਗਏ ਹਨ (ਵੇਖੋ NAB; NJB; NEB; REB; TEV; CEV)।

ਇਸ ਘਟਨਾ ਦਾ ਸਭ ਤੋਂ ਪਰੇਸ਼ਾਨ ਕਰਨ ਵਾਲਾ ਪਹਿਲੂ ਸਾਫ਼ ਤੌਰ ਤੇ ਇਨ੍ਹਾਂ ਪਤਨੀਆਂ ਅਤੇ ਉਨ੍ਹਾਂ ਦੇ ਮਾਸੂਮ ਬੱਚਿਆਂ ਨੂੰ ਕੱਢ ਕੇ ਅਨਿਆਂ ਕਰਨ ਦਾ ਹੈ। ਲਿਖਤ ਇਹ ਨਹੀਂ ਦੱਸਦੀ ਕਿ ਉਨ੍ਹਾਂ ਨਾਲ ਕੀ ਹੋਇਆ। ਸ਼ਾਇਦ ਉਹ ਪਤਨੀਆਂ ਆਪੋ ਆਪਣੇ ਘਰਾਂ ਨੂੰ ਵਾਪਸ ਚਲੀਆਂ ਗਈਆਂ ਜਿੱਥੋਂ ਉਹ ਆਈਆਂ ਸਨ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਉਨ੍ਹਾਂ ਦੀਆਂ ਮਾਂਵਾਂ ਦੇ ਪਰਿਵਾਰਾਂ (ਨਾਨਕਿਆਂ) ਨੇ ਗੋਦ ਲੈ ਲਿਆ ਜਾਂ ਸ਼ਾਇਦ ਉਨ੍ਹਾਂ ਨੂੰ ਕੱਢ ਦੇਣ ਵਾਲਿਆਂ ਲਈ ਉਨ੍ਹਾਂ ਦੀ ਮਦਦ ਲਈ ਕਿਸੇ ਨਾ ਕਿਸੇ ਤਰ੍ਹਾਂ ਦਾ ਇੰਤਜ਼ਾਮ ਕਰਨਾ ਪਿਆ। ਇਲਹਾਮ ਪ੍ਰਾਪਤ ਲੇਖਕ ਲਈ ਜ਼ਰੂਰੀ ਗੱਲ ਇਹ ਸੀ ਕਿ ਬੁੱਤਪ੍ਰਸਤਾਂ ਨਾਲ ਆਪੋ ਵਿਚ ਵਿਆਹ ਦਾ ਪਾਪ ਇਸਰਾਏਲ ਵਿੱਚੋਂ ਕੱਢ ਦਿੱਤਾ ਗਿਆ।

ਇਸ ਕਰਕੇ ਅਜ਼ਰਾ ਦੀ ਕਿਤਾਬ ਦੱਸਦੀ ਹੈ ਕਿ ਆਪਣੇ ਦੇਸ਼ ਪਰਤ ਕੇ, ਖ਼ੁਦਾ ਦੀ ਹੈਕਲ ਨੂੰ ਫੇਰ

ਤੋਂ ਬਣਾ ਕੇ ਅਤੇ ਆਪਣੇ ਆਪ ਨੂੰ ਸ਼ਰ੍ਹਾ ਨੂੰ ਮੰਨਣ ਲਈ ਫੇਰ ਤੋਂ ਅਰਪਣ ਕਰਕੇ ਇਸਰਾਏਲੀਆਂ ਨੇ ਕਿਵੇਂ ਇਕ ਕੌਮ ਦੇ ਰੂਪ ਵਿਚ, ਭਾਵ ਖ਼ੁਦਾ ਦੇ ਲੋਕਾਂ ਦੇ ਰੂਪ ਵਿਚ ਆਪਣੇ ਆਪ ਨੂੰ ਫੇਰ ਤੋਂ ਕਾਇਮ ਕੀਤਾ।

ਪ੍ਰਸੰਗਿਕਤਾ

ਜਦ ਕਲੀਸੀਆ ਪਾਪ ਕਰੇ ਤਾਂ ਕੀ ਕੀਤਾ ਜਾਵੇ (ਅਧਿਆਇ 9; 10)

ਪਰਮੇਸ਼ੁਰ ਦੀ ''ਕਲੀਸੀਆ''[20] ਦੀ ਇਕ ਮੁਸ਼ਕਿਲ ਸੀ ਕਿ ਉਸ ਦੇ ਲੋਕਾਂ ਨੇ ਪਾਪ ਕੀਤਾ ਸੀ! ਉਨ੍ਹਾਂ ਨੇ ਬੇਪਰਤੀਤਿਆਂ ਨਾਲ ਆਪੋ ਵਿਚ ਵਿਆਹ ਕਰ ਲਏ ਸਨ, ਜੋ ਸ਼ਾਇਦ ਫੇਰ ਤੋਂ ਜੋ ਪੂਰੀ ਤਰ੍ਹਾਂ ਨਾਲ ਬੇਦੀਨੀ ਦਾ ਕਾਰਣ ਬਣਨਾ ਸੀ। ਇਸਰਾਏਲ ਦੀ ਮੁਸ਼ਕਿਲ ਦੇ ਹੱਲ ਲਈ ਕੀ ਕੀਤਾ ਜਾਣਾ ਸੀ? ਇਸ ਸਵਾਲ ਦੇ ਜਵਾਬ ਵਿਚ ਕੁਝ ਸੁਝਾਅ ਹੋ ਸਕਦੇ ਹਨ ਜਿਹੜੇ ਅੱਜ ਕਲੀਸੀਆ ਦੇ ਆਗੂਆਂ ਲਈ ਮੰਡਲੀ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਮਦਦਗਾਰ ਹੋਣਗੇ। 9 ਅਤੇ 10 ਅਧਿਆਇਆਂ ਦੇ ਵਿਰਤਾਂਤ ਤੋਂ ਅਸੀਂ ਵੇਖਦੇ ਹਾਂ ਕਿ ਕਲੀਸੀਆ ਵਿਚ ਪਾਪ ਦੀ ਮੁਸ਼ਕਿਲ ਦੇ ਹੱਲ ਲਈ ਦੋ ਕਦਮ ਚੁੱਕੇ ਜਾਣੇ ਜ਼ਰੂਰੀ ਹਨ।

ਪਾਪ ਦਾ ਇਕਰਾਰ ਕਰੋ ਅਤੇ ਇਸ ਤੋਂ ਤੋਬਾ ਕਰੋ। ਆਓ ਇਕਰਾਰ ਅਤੇ ਤੋਬਾ ਦੀ ਲੋੜ ਤੇ ਵਿਚਾਰ ਕਰਦੇ ਹਾਂ ਜਿਵੇਂ ਅਜ਼ਰਾ ਦੇ ਸਮੇਂ ਵਿਚ ਵਿਖਾਇਆ ਗਿਆ ਹੈ ਅਤੇ ਫਿਰ ਇਸ ਨੂੰ ਕਲੀਸੀਆ ਉੱਤੇ ਲਾਗੂ ਕਰਦੇ ਹਾਂ।

ਅਜ਼ਰਾ ਨੂੰ ਪਾਪ ਦਾ ਪਤਾ ਲੱਗਾ ਜਦੋਂ ਲੋਕਾਂ ਨੇ ਉਸ ਨੂੰ ਦੱਸਿਆ ਕਿ ''ਇਸਰਾਏਲ ਦੀ ਪਰਜਾ'' ਆਪਣੇ ਗੁਆਂਢੀਆਂ ਤੋਂ ''ਅੱਡ ਨਹੀਂ ਰਹੇ'' ਸਨ ਬਲਕਿ ਉਨ੍ਹਾਂ ਨੇ ''ਉਨ੍ਹਾਂ ਦੀਆਂ ਧੀਆਂ ਵਿੱਚੋਂ ਆਪਣੇ ਲਈ ਵਿਆਹ ਲਈਆਂ'' ਸਨ (9:1, 2)। ਫਿਰ ਅਜ਼ਰਾ ਨੇ ਆਪਣੇ ਕੱਪੜੇ ਪਾੜ ਕੇ ਅਤੇ ਆਪਣੇ ਵਾਲ ਪੁੱਟਦੇ ਹੋਏ ਖ਼ੁਦਾ ਦੇ ਅੱਗੇ ਸੱਚੇ ਦਿਲੋਂ ਦੁਆ ਕੀਤੀ ਅਤੇ ਕੌਮ ਦੀ ਤਰਫ਼ੋਂ ਪਾਪ ਦਾ ਇਕਰਾਰ ਇਹ ਆਖਦਿਆਂ ਕੀਤਾ ਕਿ ਉਹ ਇਸਰਾਏਲ ਦੇ ਪਾਪ ਦੀ ਬੇਹੱਦ ਦੁਸ਼ਟਤਾ ਕਰਕੇ ਖ਼ੁਦਾ ਅੱਗੇ ਸ਼ਰਮਿੰਦਾ ਹੈ ਅਤੇ ਆਪਣਾ ਮੂੰਹ (ਉਸ) ਵੱਲ ''ਚੁੱਕਣ ਤੋਂ ਲੱਜਿਆਵਾਨ'' ਹੈ (9:3–6)। ਇਹ ਮੰਨਦਿਆਂ ਕਿ ਇਸਰਾਏਲ ਨੇ ਪਾਪ ਕਰਨਾ ਛੱਡਿਆ ਨਹੀਂ ਸੀ ਅਜ਼ਰਾ ਨੇ ਦੁਆ ਕੀਤੀ (9:7) ਅਤੇ ਇਹ ਕਿ ਉਨ੍ਹਾਂ ਦੇ ਪਿਛਲੇ ਪਾਪ ਦੇ ਬਾਵਜੂਦ ਖ਼ੁਦਾ ਨੇ ਉਨ੍ਹਾਂ ਉੱਤੇ ਵੱਡਾ ਤਰਸ ਖਾਧਾ ਸੀ (9:8, 9)। ਫਿਰ ਉਸ ਨੇ ਇਕਰਾਰ ਕੀਤਾ ਕਿ ਉਨ੍ਹਾਂ ਨੇ ਖ਼ੁਦਾ ਦੇ ਸਿੱਧੇ ਜਿਹੇ ਹੁਕਮ ਨੂੰ ਨਾ ਮੰਨ ਕੇ ਖ਼ੁਦਾ ਦੇ ਕੀਤੇ ਰਹਿਮ ਲਈ ਸ਼ੁਕਰਗੁਜ਼ਾਰੀ ਨਹੀਂ ਵਿਖਾਈ (9:10–13)। ਫਿਰ ਉਸ ਨੇ ਆਖਿਆ ਕਿ ਉਹ ਖ਼ੁਦਾ ਤੋਂ ਉਨ੍ਹਾਂ ਨਾਲ ਇੱਥੋਂ ਤਕ ਨਾਰਾਜ਼ ਹੋਣ ਦੀ ਉਮੀਦ ਕਰ ਸਕਦੇ ਸਨ ਕਿ ''ਸਾਡਾ ਕੱਖ ਵੀ ਨਾ ਰਹੇ, ਨਾ ਕੋਈ ਬਕੀਆ ਨਾ ਛੁਟਕਾਰਾ'' (9:14)। ਉਸ ਨੇ ਆਪਣੀ ਦੁਆ ਦੀ ਸਮਾਪਤੀ ਇਹ ਆਖ ਕੇ ਕੀਤੀ, ''ਹੇ ਯਹੋਵਾਹ ਇਸਰਾਏਲ ਦੇ ਪਰਮੇਸ਼ੁਰ ਤੂੰ ਧਰਮਾਤਮਾ ਹੈਂ ਤਾਂ ਅਸੀਂ ਅੱਜ ਤੀਕ ਛੁਡਾਏ ਹੋਏ ਰਹਿੰਦੇ ਹਾਂ। ਵੇਖ, ਅਸੀਂ ਆਪਣੇ ਦੋਸ਼ਾਂ ਵਿੱਚ ਤੇਰੇ ਸਨਮੁਖ ਹਾਂ ਕਿਉਂਕਿ ਕੌਣ ਹੈ ਜੋ ਇਨ੍ਹਾਂ ਦੇ ਕਾਰਣ ਤੇਰੇ ਹਜ਼ੂਰ ਖੜਾ ਰਹਿ ਸੱਕੇ'' (9:15)।

ਇਹ ਦੁਆ ਕਈ ਕਾਰਣਾਂ ਕਰਕੇ ਮਿਸਾਲ ਹੈ: (1) ਅਜ਼ਰਾ ਨੇ ਲੋਕਾਂ ਦੇ ਪਾਪੀ ਹੋਣ ਨੂੰ ਮੰਨਿਆ ਅਤੇ ਖ਼ੁਦਾ ਦੀ ਕਿਰਪਾ ਅਤੇ ਰਹਿਮ ਦੇ ਮੁਕਾਬਲੇ ਉਨ੍ਹਾਂ ਦੇ ਪਾਪ ਕਰਦੇ ਰਹਿਣ ਵਿਚ ਫ਼ਰਕ ਕੀਤਾ। (2) ਉਸ ਨੇ ਕੋਈ ਬਹਾਨਾ ਨਹੀਂ ਲਾਇਆ। (3) ਉਸ ਨੇ ਆਪਣੇ ਆਪ ਨੂੰ ਲੋਕਾਂ ਨਾਲ ਜੋੜਿਆ। ਉਸ ਨੇ ਇਹ ਨਹੀਂ ਆਖਿਆ, ''ਹੇ ਯਹੋਵਾਹ, ਲੋਕਾਂ ਨੇ ਪਾਪ ਕੀਤਾ ਹੈ, ਪਰ ਮੈਂ ਉਨ੍ਹਾਂ ਵਿਚ ਸ਼ਾਮਿਲ ਨਹੀਂ ਹਾਂ, ਇਸ ਕਰਕੇ ਉਨ੍ਹਾਂ ਨੂੰ ਤਾਂ ਭਾਵੇਂ ਸਜ਼ਾ ਦੇ ਦੇ, ਪਰ ਮੈਨੂੰ ਨਹੀਂ।'' ਅਸੀਂ ਇਹ ਪੱਕਾ ਆਖ

ਸਕਦੇ ਹਾਂ ਕਿ ਅਜ਼ਰਾ ਉਨ੍ਹਾਂ ਵਿਚ ਸ਼ਾਮਿਲ ਨਹੀਂ ਸੀ ਜਿਨ੍ਹਾਂ ਨੇ ਬੇਪਰਤੀਤਿਆਂ ਨਾਲ ਵਿਆਹ ਕੀਤੇ ਸਨ ਪਰ ਫਿਰ ਵੀ ਉਸ ਨੇ ਉੱਤਮ ਪੁਰਖ ਦੀ ਵਰਤੋਂ ਕਰਦਿਆਂ ਇਕਰਾਰ ਕੀਤਾ: ''*ਸਾਡੇ* ਅਪਰਾਧ *ਸਾਡੇ* ਸਿਰ ਦੇ ਉੱਪਰ ਤੋਂ ਵੀ ਵਧ ਗਏ ਹਨ ... *ਅਸੀਂ* ਵੱਡੀ ਬਦਕਾਰੀ ਵਿਚ ਰਹੇ ਹਾਂ ... *ਅਸੀਂ* ਤੇਰੇ ਹੁਕਮਾਂ ਨੂੰ ਨਕਾਰ ਬੈਠੇ ਹਾਂ ... *ਸਾਡੇ* ਬੁਰੇ ਕੰਮਾਂ ਤੇ *ਸਾਡੇ* ਵੱਡੇ ਦੋਸ਼ਾਂ ... *ਸਾਡੇ* ਪਾਪਾਂ'' (9:6–15)। ਕਿਉਂ ਭਲਾ? ਉਹ ਬਰਾਦਰੀ ਭਾਵ ਮੰਡਲੀ ਦਾ ਹਿੱਸਾ ਸੀ ਅਤੇ ਜਦ ਮੰਡਲੀ ਨੇ ਪਾਪ ਕੀਤਾ ਤਾਂ ਉਸ ਨੂੰ ਲੱਗਾ ਕਿ ਉਹ ਇਸ ਦਾ ਹਿੱਸਾ ਹੈ। ਉਹ ਆਪਣੇ ਭਰਾਵਾਂ ਤੋਂ ਆਪਣੇ ਆਪ ਨੂੰ ਅੱਡ ਨਹੀਂ ਕਰ ਸਕਿਆ। ਅਜ਼ਰਾ ਦੀ ਨਜ਼ਰ ਵਿਚ ਇਹ ''ਉਨ੍ਹਾਂ ਦਾ ਪਾਪ'' ਅਤੇ ''ਉਨ੍ਹਾਂ ਦਾ ਦੋਸ਼'' ਨਹੀਂ ਸੀ ਬਲਕਿ ''ਸਾਡਾ ਪਾਪ'' ਅਤੇ ''ਸਾਡਾ ਦੋਸ਼'' ਸੀ।

ਅਜ਼ਰਾ ਦਾ ਧਰਮੀ ਰਵੱਈਆ ਲਾਗ ਵਾਲਾ ਸੀ; ਕਿਉਂ ਜੋ ਇਹ ਦੇ ਬਾਅਦ ਕੁਝ ਲੋਕ ਇਵੇਂ ਹੀ ਸੋਚਣ ਲਗ ਪਏ ਸਨ। ਇਸ ਦੇ ਕਰਕੇ *ਲੋਕਾਂ ਨੇ ਤੋਬਾ ਕੀਤੀ ਅਤੇ ਆਪਣੇ ਪਾਪ ਦਾ ਇਕਰਾਰ ਕੀਤਾ।* ਅਜ਼ਰਾ 10:1 ਦੱਸਦਾ ਹੈ, ''ਜਦ ਅਜ਼ਰਾ ਨੇ ਪ੍ਰਾਰਥਨਾ ਕੀਤੀ ਅਤੇ ਰੋ ਕੇ ਅਰ ਪਰਮੇਸ਼ੁਰ ਦੇ ਭਵਨ ਦੇ ਅੱਗੇ ਡਿੱਗ ਕੇ ਇਕਰਾਰ ਕੀਤਾ ਤਾਂ ਇਸਰਾਏਲ ਵਿੱਚੋਂ ਇੱਕ ਬਹੁਤ ਵੱਡੀ ਸਭਾ ਮਨੁੱਖਾਂ, ਤੀਵੀਆਂ ਤੇ ਬਾਲਾਂ ਦੀ ਉਹ ਦੇ ਕੋਲ ਇਕੱਠੀ ਹੋ ਗਈ ਕਿਉਂ ਜੋ ਪਰਜਾ ਧਾਂਹਾਂ ਮਾਰ ਮਾਰ ਰੋਂਦੀ ਸੀ।'' ਇਸ ਤਰ੍ਹਾਂ ਅਜ਼ਰਾ ਦੇ ਵਿਹਾਰ ਨਾਲ ਲੋਕਾਂ ਨੂੰ ਆਪਣੇ ਪਾਪ ਭਰੇ ਰੱਵਈਏ ਦਾ ਪਤਾ ਲੱਗਾ ਅਤੇ ਉਹ ਆਪਣੇ ਪਾਪ ਤੋਂ ਭਗਤੀ ਯੋਗ ਉਦਾਸੀ ਵੱਲ ਮੁੜੇ।

ਜਦ ਕਲੀਸੀਆ ਦੇ ਲੋਕ ਪਾਪ ਕਰਦੇ ਹਨ, ਤਾਂ ਹਾਲਾਤ ਨੂੰ ਸੁਧਾਰਣ ਲਈ ਕੁਝ ਵੀ ਕੀਤੇ ਜਾਣ ਤੋਂ ਪਹਿਲਾਂ, ਸਾਫ਼ ਹੈ ਕਿ ਉਨ੍ਹਾਂ ਨੂੰ ਆਪਣੇ ਪਾਪ ਦਾ ਪਤਾ ਹੋਣਾ ਜ਼ਰੂਰੀ ਹੈ। ਫਿਰ ਉਹ ਤੋਬਾ ਕਰਕੇ ਉਸ ਪਾਪ ਦਾ ਇਕਰਾਰ ਕਰਨ ਲਈ ਤਿਆਰ ਹੋਣ। ਲੀਡਰ ਮੈਂਬਰਾਂ ਨੂੰ ਤਿਆਰ ਕਰਕੇ ਤੋਬਾ ਕਰਨ ਲਈ ਕਿਵੇਂ ਪ੍ਰੇਰਣਾ ਦੇਣ? ਕਈ ਤਰੀਕੇ ਮੌਜੂਦ ਹਨ। ਇਕ ਤਰੀਕਾ ਜਿਸ ਦੀ ਵਰਤੋਂ ਅਸੀਂ ਆਮ ਤੌਰ ਤੇ ਕਰਦੇ ਹਾਂ ਉਸ ਵਿਸ਼ੇ ਉੱਤੇ ਪ੍ਰਚਾਰ ਕਰਨਾ, ਪਾਪੀਆਂ ਨੂੰ ਦੋਸ਼ੀ ਠਹਿਰਾਉਣਾ, ਉਨ੍ਹਾਂ ਨੂੰ ਤੋਬਾ ਕਰਨ ਲਈ ਆਖਣਾ ਅਤੇ ਫਿਰ ਇਹ ਵੇਖਣ ਲਈ ਉਡੀਕ ਕਰਦਿਆਂ ਕਿ ਉਹ ਤੋਬਾ ਕਰਦੇ ਹਨ ਜਾਂ ਨਹੀਂ, ਆਤਮਸੰਤੁਸ਼ਟ ਅਤੇ ਆਤਮ ਧਰਮੀ ਹੋ ਕੇ ਪਿੱਛੇ ਬੈਠ ਜਾਣਾ।

ਸ਼ਾਇਦ ਸਾਨੂੰ ਅਜ਼ਰਾ ਵਾਲਾ ਤਰੀਕਾ ਵਰਤਣਾ ਚਾਹੀਦਾ ਹੈ। ਅਸੀਂ ਆਪਣੇ ਆਪ ਨੂੰ ਪਾਪੀਆਂ ਨਾਲ ਮਿਲਾ ਕੇ ਸ਼ੁਰੂਆਤ ਕਰ ਸਕਦੇ ਹਾਂ, ਭਾਵ ''ਤੁਹਾਡਾ ਪਾਪ'' ਅਤੇ ''ਤੁਹਾਡਾ ਦੋਸ਼'' ਨਹੀ, ਬਲਕਿ ''ਸਾਡਾ ਪਾਪ'' ਅਤੇ ''ਸਾਡਾ ਦੋਸ਼'' ਆਖ ਕੇ ਸ਼ੁਰੂਆਤ ਕਰ ਸਕਦੇ ਹਾਂ। ਸ਼ਾਇਦ ਅਸੀਂ ਉਸ ਉੱਤੇ ਧਿਆਨ ਦੇ ਸਕੀਏ ਜੋ ਖ਼ੁਦਾ ਨੇ ਸਾਡੇ ਲਈ ਕੀਤਾ ਹੈ। ਉਸ ਨੇ ਸਾਨੂੰ ਕਿੰਨਾ ਮਾਫ਼ ਕੀਤਾ ਹੈ ਅਤੇ ਅਸੀਂ ਹਮੇਸ਼ਾ ਕਿੰਨੇ ਅਯੋਗ ਸਾਬਿਤ ਹੋਏ ਹਾਂ। ਸ਼ਾਇਦ ਸਾਨੂੰ ਅਸਲੀ ਪਛਤਾਵਾ ਅਤੇ ਅਫ਼ਸੋਸ ਵਿਖਾਉਣਾ ਚਾਹੀਦਾ ਹੈ ਕਿ ਖ਼ੁਦਾ ਦੇ ਲੋਕ ਇਸ ਤੱਥ ਦੇ ਬਾਵਜੂਦ ਕਿ ਖ਼ੁਦਾ ਨੇ ਸਾਡੇ ਨਾਲ ਕਿੰਨੀ ਭਲਿਆਈ ਕੀਤੀ ਹੈ, ਉਸ ਦੇ ਸਪੱਸ਼ਟ ਹੁਕਮਾਂ ਨੂੰ ਤੋੜਨ ਵਿਚ ਕਿੰਨਾ ਡਿੱਗ ਚੁੱਕੇ ਹਨ। ਫਿਰ ਅਸੀਂ ''ਆਪਣੇ'' ਭਾਵ ਕਲੀਸੀਆ ਦੇ ਪਾਪਾਂ ਨੂੰ ਐਨੀ ਸਾਫ਼ਗੋਈ ਨਾਲ ਅਤੇ ਸਾਫ਼ ਦਿਲੀ ਨਾਲ ਮੰਨ ਸਕਦੇ ਹਾਂ ਕਿ ਹੋ ਸਕਦਾ ਹੈ, ਬਸ ਹੋ ਸਕਦਾ ਹੈ ਕਿ ਅਸੀਂ ਮੰਡਲੀ ਦੇ ਹੋਰਨਾਂ ਲੋਕਾਂ ਵਿਚ ਉਹੀ ਪਸ਼ਚਾਤਾਪ ਪੈਦਾ ਕਰ ਸਕੀਏ।

ਪਾਪ ਨੂੰ ਹਟਾਉਣ ਲਈ ਕਦਮ ਚੁੱਕੋ। ਮਸੀਹੀ ਲੋਕਾਂ ਵੱਲੋਂ ਪਾਪ ਤੋਂ ਤੋਬਾ ਕਰਨ ਅਤੇ ਇਸ ਨੂੰ ਮੰਨ ਲੈਣ ਤੋਂ ਬਾਅਦ, ਉਨ੍ਹਾਂ ਨੂੰ ਹਾਲਾਤ ਨੂੰ ਸੁਧਾਣ ਲਈ ਕਦਮ ਚੁੱਕਣੇ ਪੈਣਗੇ।

ਇਸਰਾਏਲ ਦੀ ਮੁਸ਼ਕਿਲ ਦਾ ਹੱਲ ਅਜ਼ਰਾ ਵੱਲੋਂ ਨਹੀਂ ਬਲਕਿ ਦੂਜੇ ਆਗੂਆਂ ਵਿੱਚੋਂ ਇਕ ਸ਼ਕਨਯਾਹ ਵੱਲੋਂ ਪੇਸ਼ ਕੀਤਾ ਗਿਆ। ਉਸਨੇ ਸੁਝਾਅ ਦਿੱਤਾ ਕਿ ''ਅਸੀਂ ਆਪਣੇ ਪਰਮੇਸ਼ੁਰ ਨਾਲ ਇੱਕ ਨੇਮ ਬੰਨ੍ਹੀਏ ਅਰ ਏਹ ਸਾਰੀਆਂ ਜਨਾਨੀਆਂ ਅਰ ਇਨ੍ਹਾਂ ਦੇ ਬਾਲ ਆਪਣੇ ਪ੍ਰਭੂ ਦੀ ਤੇ ਉਨ੍ਹਾਂ ਦੀ

ਸਲਾਹ ਨਾਲ ਜਿਹੜੇ ਸਾਡੇ ਪਰਮੇਸ਼ੁਰ ਦੇ ਹੁਕਮ ਤੋਂ ਕੰਬਦੇ ਹਨ ਕੱਢ ਦੇਈਏ ਅਤੇ ਇਹ ਬਿਵਸਥਾ ਦੇ ਅਨੁਸਾਰ ਕਰੀਏ'' (10:3)। ਫਿਰ ਉਸ ਨੇ ਅਜ਼ਰਾ ਨੂੰ ਉੱਠ ਕੇ ਇਸ ਮਾਮਲੇ ਵਿਚ ਅਗਵਾਈ ਕਰਨ ਵਿਚ ਆਖਿਆ (10:4)। ਸਾਫ਼ ਹੈ ਕਿ ਉਸ ਨੇ ਅਜ਼ਰਾ ਨੂੰ ਉਸ ਦੋਸ਼ ਅਤੇ ਸ਼ਰਮ ਨਾਲ ਐਨਾ ਦੁਖੀ ਵੇਖਿਆ ਕਿ ਉਹਨੂੰ ਡਰ ਸੀ ਕਿ ਉਹ ਇਸ ਕੰਮ ਨੂੰ ਕਰਨਾ ਕਬੂਲ ਨਹੀਂ ਕਰੇਗਾ। ਸ਼ਕਨਯਾਹ ਦੀ ਦਲੇਰੀ ਨਾਲ ਅਜ਼ਰਾ ਨੇ ਉੱਠ ਕੇ ਆਗੂਆਂ ਨੂੰ ਇਹ ਵੇਖਣ ਦੀ ਸਹੁੰ ਚੁਕਾ ਕੇ ਕਿ ਇਸ ਹੱਲ ਨੂੰ ਹਾਸਲ ਕੀਤਾ ਜਾਵੇ, ਕੰਮ ਨੂੰ ਸ਼ੁਰੂ ਕਰ ਦਿੱਤਾ (10:5)।

ਬਦਲੇ ਵਿਚ ਆਗੂਆਂ ਨੇ ਹਰ ਕਿਸੇ ਨੂੰ ਤਿੰਨਾਂ ਦਿਨਾਂ ਵਿਚ ਯਰੂਸ਼ਲਮ ਵਿਚ ਇਕੱਠੇ ਹੋਣ ਲਈ ਆਖਿਆ (10:7, 8)। ਜਦ ਸਭ ਲੋਕ ਇਕੱਠੇ ਹੋ ਗਏ ਤਾਂ ਅਜ਼ਰਾ ਨੇ ਉਨ੍ਹਾਂ ਨੂੰ ਆਪਣੀਆਂ ਬੇਪਰਤੀਤੀਆਂ ਪਤਨੀਆਂ ਨਾਲੋਂ ਅੱਡ ਹੋਣ ਦੀ ਚੁਣੌਤੀ ਦਿੱਤੀ (10:9–11)। ਉਨ੍ਹਾਂ ਨੇ ਉਹਦੀ ਗੱਲ ਮੰਨ ਲਈ, ਇਹ ਆਖਦਿਆਂ ਕਿ ਉਹ ਇਵੇਂ ਹੀ ਕਰਨਗੇ, ਪਰ ਉਨ੍ਹਾਂ ਨੇ ਇਸ ਕੰਮ ਨੂੰ ਸਿਰੇ ਚਾੜ੍ਹਨ ਲਈ ਸਮਾਂ ਮੰਗਿਆ (10:12–14)। ਇਹ ਸਮਾਂ ਇਸ ਕਰਕੇ ਵੀ ਮੰਗਿਆ ਗਿਆ ਸੀ ਕਿਉਂ ਜੋ ਬਰਸਾਤ ਦਾ ਮੌਸਮ ਸੀ ਅਤੇ ਲੋਕਾਂ ਦੇ ਜਾਂਚ ਕੀਤੇ ਜਾਣ ਅਤੇ ਅਲਹਿਦਗੀ ਦੀ ਪ੍ਰਕਿਰਿਆ ਦੌਰਾਨ ਬਾਰਿਸ਼ ਵਿਚ ਖਲੋਤੇ ਰਹਿਣ ਦਾ ਕੋਈ ਤੁਕ ਨਹੀਂ ਸੀ।

ਫਿਰ ਵਚਨ ਚਾਰ ਬੰਦਿਆਂ ਬਾਰੇ ਦੱਸਦਾ ਹੈ ਜਿਨ੍ਹਾਂ ਨੇ ਯੋਜਨਾ ਦਾ ਵਿਰੋਧ ਕੀਤਾ (10:15), ਜਿਵੇਂ ਇਹ ਸੰਕੇਤ ਦਿੰਦਾ ਹੋਵੇ ਕਿ ਸਹਿਮਤ ਜਾਂ ਅਸਹਿਮਤ ਹੋਣ ਦਾ ਮੌਕਾ ਹਰ ਕਿਸੇ ਨੂੰ ਸੀ। ਚਾਰ ਜਣਿਆਂ ਦੀ ''ਨਾਂਹ'' ਵਾਲੀ ਵੋਟ ਦੀ ਗੱਲ ਇਹ ਸੰਕੇਤ ਦਿੰਦੀ ਹੈ ਕਿ ਬਾਕੀ ਦੀਆਂ ਸਾਰੀਆਂ ਵੋਟਾਂ ਉਨ੍ਹਾਂ ਦੀ ਆਪਣੀ ਮਰਜ਼ੀ ਨਾਲ ''ਹਾਂ'' ਵਿਚ ਸਨ।

ਕੰਮ ਪੂਰਾ ਹੋਣ ਨੂੰ ਤਿੰਨ ਮਹੀਨੇ ਲਗ ਗਏ (10:16, 17)। 10:18–44 ਵਿਚ ਸਾਨੂੰ ਉਨ੍ਹਾਂ ਨਾਂਵਾਂ ਦੀ ਸੂਚੀ ਮਿਲਦੀ ਹੈ ਜਿਨ੍ਹਾਂ ਨੇ ਆਪਣੀਆਂ ਪਤਨੀਆਂ ਨੂੰ ਛੱਡ ਦਿੱਤਾ। ਅਸੀਂ ਇਨ੍ਹਾਂ ਬੰਦਿਆਂ ਨੂੰ ਕਿਵੇਂ ਵੇਖੀਏ ਜਿਨ੍ਹਾਂ ਦੇ ਨਾਂਅ ਦਿੱਤੇ ਗਏ ਹਨ? ਕੀ ਉਨ੍ਹਾਂ ਨੂੰ ਵੱਡੇ ਪਾਪੀਆਂ ਦੇ ਰੂਪ ਵਿਚ ਵੇਖਿਆ ਜਾਵੇ ਕਿਉਂਕਿ ਉਨ੍ਹਾਂ ਨੇ ਖ਼ੁਦਾ ਦੇ ਹੁਕਮ ਨੂੰ ਤੋੜਿਆ ਸੀ? ਇਸ ਦੀ ਬਜਾਇ ਆਓ ਅਸੀਂ ਉਨ੍ਹਾਂ ਨੂੰ ਤੋਬਾ ਦੀਆਂ ਉਦਾਹਰਣਾਂ ਦੇ ਰੂਪ ਵਿਚ ਮੰਨ ਲੈਂਦੇ ਹਾਂ! ਉਨ੍ਹਾਂ ਨੇ ਵਿਖਾ ਦਿੱਤਾ ਕਿ ਸੱਚੀ ਤੋਬਾ ਦਾ ਕੀ ਮਤਲਬ ਹੁੰਦਾ ਹੈ। ਹੋਰ ਬਹੁਤ ਸਾਰਿਆਂ ਨੂੰ ਆਪੋ ਆਪਣੀਆਂ ਪਤਨੀਆਂ ਨੂੰ ਛੱਡ ਦੇਣਾ ਚਾਹੀਦਾ ਸੀ, ਪਰ ਉਨ੍ਹਾਂ ਨੇ ਛੱਡਣ ਤੋਂ ਇਨਕਾਰ ਕਰ ਦਿੱਤਾ। ਇਨ੍ਹਾਂ ਆਦਮੀਆਂ ਨੇ ਉਹੀ ਕੀਤਾ ਜੋ ਇਨ੍ਹਾਂ ਨੂੰ ਕਰਨ ਲਈ ਕਿਹਾ ਗਿਆ ਸੀ ਕਿਉਂ ਜੋ ਇਹ ਖ਼ੁਦਾ ਦੇ ਹੁਕਮਾਂ ਨੂੰ ਮੰਨਣ ਵਾਲੇ ਲੋਕ ਸਨ। ਉਨ੍ਹਾਂ ਨੇ ਆਪਣੇ ਪਾਪ ਨੂੰ ਮੰਨ ਲਿਆ, ਆਪਣੇ ਪਾਪ ਲਈ ਮਾਫ਼ੀ ਮੰਗੀ ਅਤੇ ਆਪਣੇ ਪਾਪ ਦਾ ਇਕਰਾਰ ਕੀਤਾ ਅਤੇ ਫਿਰ ਹਾਲਾਤ ਨੂੰ ਸੁਧਾਰਣ ਲਈ ਜੋ ਕੁਝ ਵੀ ਜ਼ਰੂਰੀ ਸੀ ਉਹ ਕੀਤਾ, ਭਾਵੇਂ ਉਸ ਸੁਧਾਰ ਲਈ ਆਪਣੀਆਂ ਜ਼ਿੰਦਗੀਆਂ ਵਿਚ ਕੁਝ ਸਖ਼ਤ ਫ਼ੈਸਲੇ ਲੈਣੇ ਪੈਣੇ ਸਨ।

ਹੋ ਸਕਦਾ ਹੈ ਕਿ ਅੱਜ ਕਲੀਸੀਆ ਵਿਚ ਸਾਨੂੰ ਪਾਪ ਭਰੇ ਕਿਸੇ ਹਾਲਾਤ ਨੂੰ ਸੁਧਾਰਣ ਲਈ ਨਿੱਜੀ ਤੌਰ ਤੇ ਜਾਂ ਸਮੂਹਕ ਤੌਰ ਤੇ ਕੁਝ ਸਖ਼ਤ ਫ਼ੈਸਲੇ ਲੈਣੇ ਪੈਣਗੇ।

ਕਲੀਸੀਆ ਦੇ ਰੂਪ ਵਿਚ ਅਸੀਂ ਇਸ ਨੂੰ ਮੰਡਲੀ ਦੀ ਆਪਣੀ ਜ਼ਿੰਦਗੀ ਉੱਤੇ ਲਾਗੂ ਕਰ ਸਕਦੇ ਹਾਂ। ਪਰਕਾਸ਼ ਦੀ ਪੋਥੀ 2 ਅਤੇ 3 ਵਿਚ ਅਸਿਯਾ ਦੀਆਂ ਸੱਤ ਕਲੀਸੀਆਵਾਂ ਨੂੰ ਯਿਸੂ ਦੇ ਕਹੇ ਸ਼ਬਦਾਂ ਤੇ ਵਿਚਾਰ ਕਰੀਏ। ਚਾਰ ਵਾਰ ਉਸ ਨੇ ਵੱਖੋ ਵੱਖ ਮੰਡਲੀਆਂ ਨੂੰ ਆਖਿਆ, ''ਤੋਬਾ ਕਰੋ''(ਪਰਕਾਸ਼ 2:5, 16; 3:3, 19)। ਕਿਸੇ ਕਲੀਸੀਆ ਲਈ ਤੋਬਾ ਕਰਨ ਦਾ ਮਤਲਬ ਇਹ ਹੈ ਕਿ ਉਹ ਆਪਣੇ ਪਾਪ ਤੋਂ ਤੋਬਾ ਕਰਕੇ ਉਸ ਦਾ ਇਕਰਾਰ ਕਰੇ; ਪਰ ਕਿਸੇ ਵੀ ਗਲਤੀ ਨੂੰ ਸੁਧਾਰਣ ਲਈ ਮੈਂਬਰਾਂ ਵੱਲੋਂ ਕਦਮ ਚੁੱਕੇ ਜਾਣੇ ਜ਼ਰੂਰੀ ਸਨ।

ਉਦਾਹਰਣ ਲਈ, ਮੰਨ ਲਵੋ ਕਿ ਕਿਸੇ ਕਲੀਸੀਆ ਵੱਲੋਂ ਕਿਸੇ ਗਲਤ ਸਿੱਖਿਆ ਨੂੰ ਮੰਨ ਕੇ,

ਉਹਨੂੰ ਸਿਖਾਇਆ ਜਾ ਰਿਹਾ ਹੈ, ਪਰ ਉਹਨੂੰ ਯਕੀਨ ਦੁਆਇਆ ਜਾਂਦਾ ਹੈ ਕਿ ਉਹ ਸਿੱਖਿਆਵਾਂ ਗਲਤ ਹਨ। ਅਜਿਹੀ ਸੂਰਤ ਵਿਚ ਮੰਡਲੀ ਨੂੰ ਕੀ ਕਰਨਾ ਚਾਹੀਦਾ ਹੈ? ਮੰਡਲੀ ਦੇ ਲੋਕਾਂ ਲਈ ਇਹ ਜ਼ਰੂਰੀ ਹੋਵੇਗਾ ਕਿ ਉਹ ਇਸ ਤੱਥ ਦਾ ਇਕਰਾਰ ਕਰਨ ਕਿ ਕਲੀਸੀਆ ਗਲਤ ਸਿੱਖਿਆ ਦੇ ਰਹੀ ਹੈ। ਫਿਰ ਉਨ੍ਹਾਂ ਨੂੰ ਸਚਿਆਈ ਦੀ ਸਿੱਖਿਆ ਦੇਣ। (ਤੋਬਾ ਦਾ ਮਤਲਬ ਇਹੋ ਜਿਹਾ ਬਦਲਾਅ ਕਰਨਾ ਹੈ।) ਅਖ਼ੀਰ ਵਿਚ ਉਨ੍ਹਾਂ ਨੂੰ ਪਿਛਲੀ ਸਿੱਖਿਆ ਦੇ ਬੁਰੇ ਪ੍ਰਭਾਵਾਂ ਨੂੰ ਬੇਅਸਰ ਕਰਨ ਲਈ ਆਪਣੀ ਪੂਰੀ ਵਾਹ ਲਾ ਦੇਣੀ ਚਾਹੀਦੀ ਹੈ।

ਨਿੱਜੀ ਤੌਰ ਤੇ, ਅਸੀਂ ਅਜ਼ਰਾ 10 ਵਿਚ ਮਿਲਣ ਵਾਲੀ ਉਦਾਹਰਣ ਨੂੰ ਆਪਣੀਆਂ ਜ਼ਿੰਦਗੀਆਂ ਉੱਤੇ ਲਾਗੂ ਕਰ ਸਕਦੇ ਹਾਂ। ਕਈ ਵਾਰੀ ਪਾਪ ਲਈ ਮਾਫ਼ੀ ਮੰਗਣਾ ਅਤੇ ਪਾਪ ਦਾ ਇਕਰਾਰ ਕਰਨਾ ਬੜਾ ਮੁਸ਼ਕਿਲ ਹੁੰਦਾ ਹੈ। ਪਰ ਉਸ ਪਾਪ ਵਿਚਲੇ ਹਾਲਾਤ ਨੂੰ ਸੁਧਾਰਣ ਲਈ ਜ਼ਰੂਰੀ ਕਦਮ ਚੁੱਕਣ ਦੀ ਚੁਣੌਤੀ ਇਸ ਨਾਲੋਂ ਵੀ ਵੱਡੀ ਹੋ ਸਕਦੀ ਹੈ। ਅਜ਼ਰਾ ਦੇ ਸਮੇਂ ਦੇ ਉਨ੍ਹਾਂ ਯਹੂਦੀਆਂ ਲਈ ਆਪਣੀਆਂ ਪਤਨੀਆਂ ਅਤੇ ਬੱਚਿਆਂ ਨੂੰ ਛੱਡ ਦੇਣਾ ਬੜੀ ਔਖੀ ਗੱਲ ਹੋਵੇਗੀ। ਭਲਾ ਅੱਜ ਕਿਸੇ ਮਸੀਹੀ ਲਈ ਪ੍ਰਭੂ ਦੀ ਇੱਛਾ ਨੂੰ ਪੂਰਾ ਕਰਨਾ ਵੀ ਮੁਸ਼ਕਿਲ ਨਹੀਂ ਹੋਵੇਗਾ? ਆਓ ਯਿਸੂ ਦੇ ਇਨ੍ਹਾਂ ਸਬਦਾਂ ਤੇ ਧਿਆਨ ਦਈਏ:

> ਜੇ ਕੋਈ ਮੇਰੇ ਕੋਲ ਆਵੇ ਅਰ ਆਪਣੇ ਪਿਉ ਅਤੇ ਮਾਂ ਅਤੇ ਤੀਵੀਂ ਅਤੇ ਬਾਲ ਬੱਚਿਆਂ ਅਤੇ ਭਾਈਆਂ ਅਤੇ ਭੈਣਾਂ ਨਾਲ ਸਗੋਂ ਆਪਣੀ ਜਾਨ ਨਾਲ ਵੈਰ ਨਾ ਰੱਖੇ ਤਾਂ ਉਹ ਮੇਰਾ ਚੇਲਾ ਨਹੀਂ ਹੋ ਸਕਦਾ। ਜੋ ਕੋਈ ਆਪਣੀ ਸਲੀਬ ਚੁੱਕ ਕੇ ਮੇਰੇ ਮਗਰ ਨਾ ਆਵੇ ਮੇਰਾ ਚੇਲਾ ਨਹੀਂ ਹੋ ਸਕਦਾ (ਲੂਕਾ 14:26, 27)।

ਨਵੇਂ ਨੇਮ ਦੇ ਸਮਿਆਂ ਵਿਚ, ਅਗਲੀਆਂ ਦੋ – ਤਿੰਨ ਸਦੀਆਂ ਵਿਚ ਮਸੀਹੀ ਲੋਕਾਂ ਨੇ ਮਸੀਹ ਦੀ ਖ਼ਾਤਰ ਆਪਣੇ ਪਰਿਵਾਰਾਂ, ਆਪਣੇ ਯਾਰਾਂ – ਦੋਸਤਾਂ ਅਤੇ ਇੱਥੋਂ ਤਕ ਕਿ ਆਪਣੀਆਂ ਜਾਨਾਂ ਨੂੰ ਵੀ ਤਿਆਗ ਦਿੱਤਾ। ਜੋ ਕੁਝ ਯਹੂਦੀਆਂ ਨੇ ਅਜ਼ਰਾ ਦੇ ਸਮੇਂ ਕੀਤਾ ਸੀ ਉਹ ਇਕ ਵੱਡਾ ਕਦਮ ਸੀ। ਪਰ ਯਿਸੂ ਸਾਨੂੰ ਇਸ ਨਾਲੋਂ ਵੀ ਵੱਡੀਆਂ ਕੁਰਬਾਨੀਆਂ ਦੇਣ ਲਈ ਤਿਆਰ ਰਹਿਣ ਲਈ ਆਖਦਾ ਹੈ!

ਮਸੀਹ ਦੇ ਮਗਰ ਚੱਲਣ ਲਈ ਸਾਨੂੰ ਕੀ ਛੱਡਣ ਲਈ ਤਿਆਰ ਹੋਣਾ ਜ਼ਰੂਰੀ ਹੈ? ਸਾਨੂੰ ਉਹ ਜ਼ਰੂਰੀ ਕੰਮ ਕਰਨ ਲਈ ਤਿਆਰ ਹੋਣਾ ਜ਼ਰੂਰੀ ਹੈ ਭਾਵੇਂ ਉਹ ਅੱਖ ਦੇ ਕੱਢੇ ਜਾਣ ਜਾਂ ਹੱਥ ਦੇ ਕੱਟੇ ਜਾਣ ਜਿੰਨਾ ਦਰਦਨਾਕ ਵੀ ਕਿਉਂ ਨਾ ਹੋਵੇ (ਮੱਤੀ 5:29, 30)।

ਅਜ਼ਰਾ ਦੀ ਮਿਸਾਲ ਨੂੰ ਕਲੀਸੀਆ ਦੇ ਆਗੂਆਂ ਦੀ ਭੂਮਿਕਾ ਲਈ ਵੀ ਵਰਤਿਆ ਜਾ ਸਕਦਾ ਹੈ ਜਿਨ੍ਹਾਂ ਦੀ ਜ਼ਿੰਮੇਵਾਰੀ ਕਲੀਸੀਆ ਦੇ ਅੰਦਰ ਪਾਪ ਦੀ ਮੁਸ਼ਕਿਲ ਨੂੰ ਹੱਲ ਕਰਨ ਦੀ ਹੈ। ਇਸ ਮਿਸਾਲ ਤੋਂ ਅਸੀਂ ਸਿੱਖ ਸਕਦੇ ਹਾਂ ਕਿ ਇਕ ਇਕਾਈ ਦੇ ਰੂਪ ਵਿਚ ਮੰਡਲੀ ਦੇ ਕੰਮ ਕਰਨ ਤੋਂ ਪਹਿਲਾਂ, ਕਲੀਸੀਆ ਦੇ ਆਗੂਆਂ ਨੂੰ ਇਕ ਵਿਚਾਰ ਤੇ ਸਹਿਮਤ ਹੋਣ ਲਈ ਤਿਆਰ ਕਰ ਲੈਣਾ ਚਾਹੀਦਾ ਹੈ। ਆਗੂ ਮੁਸ਼ਕਿਲ ਦੇ ਹੱਲ ਸਬੰਧੀ ਫ਼ੈਸਲੇ ਲੈਣ ਲਈ ਲੋਕਾਂ ਨੂੰ ਜਿੰਨਾਂ ਨਾਲ ਲੈਣਗੇ ਓਨਾਂ ਹੀ ਪੂਰੀ ਮੰਡਲੀ ਉਸ ਹੱਲ ਨੂੰ ਮੰਨਣ ਅਤੇ ਉਸ ਵਿਚ ਹਿੱਸੇਦਾਰ ਬਣਨ ਵਾਲੀ ਹੋਵੇਗੀ।

ਕਲੀਸੀਆ ਦੇ ਆਗੂਆਂ ਨੂੰ ਮੈਂਬਰਾਂ ਨੂੰ ਸਖ਼ਤ ਚੋਣ ਕਰਨ ਤੋਂ ਝਿਜਕਣਾ ਨਹੀਂ ਚਾਹੀਦਾ, ਜੇ ਉਹ ਚੋਣ ਪਾਪ ਤੋਂ ਬਚਣ ਜਾਂ ਪਾਪ ਦੀ ਮਾਫ਼ੀ ਪਾਉਣ ਲਈ ਹੋਵੇ। ਜ਼ਿੰਦਗੀ ਅਤੇ ਮੌਤ ਨਾਲ ਜੁੜੇ ਸਵਾਲਾਂ ਦੇ ਢਿੱਲੇ–ਮੱਠੇ ਜਵਾਬਾਂ ਨਾਲ ਲੋਕਾਂ ਨੂੰ ਕੋਈ ਫ਼ਾਇਦਾ ਨਹੀਂ ਹੁੰਦਾ।

ਆਗੂਆਂ ਨੂੰ ਲੋਕਾਂ ਨਾਲ ਧੀਰਜ ਵਰਤਣਾ ਚਾਹੀਦਾ ਹੈ ਅਤੇ ਵਾਜਬ ਬੇਨਤੀਆਂ ਨੂੰ ਨਿਰਪੇਖਤਾ ਨਾਲ ਮੰਨ ਲੈਣਾ ਚਾਹੀਦਾ ਹੈ, ਬਿਲਕੁਲ ਉਵੇਂ ਜਿਵੇਂ ਯਹੂਦੀ ਆਗੂਆਂ ਨੇ, ਯਹੂਦੀਆਂ ਦੇ ਹਾਲਾਤ ਨੂੰ ਠੀਕ ਕਰਨ ਲਈ ਵਾਧੂ ਸਮੇਂ ਦੀ ਉਨ੍ਹਾਂ ਦੀ ਵਾਜਬ ਬੇਨਤੀ ਨੂੰ ਮੰਨਿਆ ਸੀ। ਉਨ੍ਹਾਂ ਲੋਕਾਂ ਨਾਲ ਜਿਨ੍ਹਾਂ

ਦੀ ਉਹ ਅਗਵਾਈ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਬੇਸਬਰੇ ਅਤੇ ਬੇਤੁਕੇ ਨਜ਼ਰ ਆ ਕੇ, ਆਗੂ ਕੁਝ ਖੱਟਦੇ ਨਹੀਂ, ਬਲਕਿ ਬਹੁਤ ਨੁਕਸਾਨ ਕਰ ਸਕਦੇ ਹਨ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਯਿਸੂ ਪਾਪੀਆਂ ਨੂੰ ਪਿਆਰ ਕਰਦਾ ਸੀ ਅਤੇ ਸਾਨੂੰ ਵੀ ਅਜਿਹਾ ਹੀ ਕਰਨਾ ਚਾਹੀਦਾ ਹੈ।

ਅਜ਼ਰਾ ਦੀ ਕਿਤਾਬ ਵਿਚ ਸਾਡੇ ਲਈ ਮਾੜੇ ਅਤੇ ਚੰਗੇ ਦੋਵੇਂ ਵਿਚਾਰ ਹਨ। ਸਾਨੂੰ ਇਹ ਜਾਣ ਕੇ ਦੁੱਖ ਹੁੰਦਾ ਹੈ ਕਿ ਅਸੀਰੀ ਦੇ ਰਾਹੀਂ ਕੌਮ ਨੂੰ ਮਿਲੇ ਸਬਕਾਂ ਦੇ ਬਾਵਜੂਦ ਯਹੂਦਾਹ ਅਜੇ ਵੀ ਪਾਪ ਕਰ ਸਕਦਾ ਸੀ। ਇਸ ਨਾਲੋਂ ਵੀ ਦੁਖੀ ਕਰਨ ਵਾਲਾ ਵਿਚਾਰ ਇਹ ਹੈ ਕਿ ਪਾਪ ਨੂੰ ਸੁਧਾਰਣ ਲਈ ਖ਼ੁਦਾ ਦੇ ਲੋਕਾਂ ਦੇ ਇਨ੍ਹਾਂ ਆਗੂਆਂ ਨੂੰ ਸ਼ਰੇਆਮ ਜ਼ਲੀਲ ਹੋਣਾ ਪਿਆ ਅਤੇ ਆਪਣੀਆਂ ਪਤਨੀਆਂ ਨੂੰ ਕੱਢਣਾ ਪਿਆ।

ਦੂਜੇ ਪਾਸੇ ਅਸੀਂ ਖੁਸ਼ ਹੋ ਸਕਦੇ ਹਾਂ ਕਿ ਖ਼ੁਦਾ ਦੇ ਲੋਕ ਖ਼ੁਦਾ ਦੇ ਵਚਨ ਦੀਆਂ ਮੰਗਾਂ ਦੇ ਪ੍ਰਤੀ ਅਜੇ ਵੀ ਸੰਵੇਦਨਸ਼ੀਨ ਸਨ। ਉਹ ਮੰਡਲੀ ਵਿਚ ਪਾਪ ਨਾਲ ਨਜਿੱਠਣ, ਇਸ ਨੂੰ ਛੱਡਣ ਲਈ ਤਿਆਰ ਸਨ ਤਾਂ ਜੋ ਉਹ ਖ਼ੁਦਾ ਦੀ ਨਜ਼ਰ ਵਿਚ ਫੇਰ ਤੋਂ ਸਹੀ ਹੋ ਸਕਣ।

ਸਾਰ। ਖ਼ੁਦਾ ਤੋਂ ਦੂਰ ਜਾਣ ਦੇ ਝੁਕਾਅ ਦਾ ਅਸੀਂ ਕੀ ਕਰ ਸਕਦੇ ਹਾਂ? ਕਿਹਾ ਗਿਆ ਹੈ ਕਿ ''ਅਜ਼ਾਦੀ ਦੀ ਕੀਮਤ ਅਨਾਦੀ ਚੌਕਸੀ ਹੈ।''[21] ਇਹ ਜਾਣਦੇ ਹੋਏ ਕਿ ਬੇਦੀਨੀ ਦਾ ਲਗਾਤਾਰ ਖ਼ਤਰਾ ਅਤੇ ਕਲੀਸੀਆ ਦੇ ਪਾਪ ਕਰਨ ਤੇ ਹਰ ਵਾਰੀ ਦਖਲ ਦੇਣ ਲਈ ਤਿਆਰ ਵਫ਼ਾਦਾਰੀ ਦੀ ਕੀਮਤ ਸ਼ਾਇਦ ਅਨਾਦੀ ਚੌਕਸੀ ਹੈ। ਸਾਡੇ ਵਿੱਚੋਂ ਹਰ ਕਿਸੇ ਨੂੰ ਆਪਣੀ ਜ਼ਿੰਦਗੀ ਵਿਚ ਪਾਪ ਦੇ ਪ੍ਰਤੀ ਵਧੇਰੇ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ। ਸਾਡੇ ਲਈ ਜ਼ਰੂਰੀ ਹੈ ਕਿ ਪਾਪ ਨੂੰ ਪਛਾਣ ਕੇ, ਪਾਪ ਤੋਂ ਤੋਬਾ ਕਰੀਏ, ਪਾਪ ਦਾ ਇਕਰਾਰ ਕਰੀਏ, ਅਤੇ ਪਾਪ ਦੀ ਮਾਫ਼ੀ ਪਾਉਣ ਲਈ ਜੋ ਵੀ ਜ਼ਰੂਰੀ ਹੋਵੇ ਉਹ ਕਰੀਏ।

ਇਕ ਲੀਡਰ ਦੇ ਰੂਪ ਵਿਚ ਅਜ਼ਰਾ (ਅਧਿਆਇ 10)

ਅਜ਼ਰਾ ਇਕ ਲੀਡਰ ਦੀ ਬੇਹਤਰੀਨ ਮਿਸਾਲ ਹੈ। ਉਸ ਨੇ ਘੱਟੋ-ਘੱਟ ਤਿੰਨ ਨਿਯਮ ਵਿਖਾਏ ਜਿਨ੍ਹਾਂ ਦੀ ਵਰਤੋਂ ਕਲੀਸੀਆ ਦੇ ਆਗੂ ਕਰ ਸਕਦੇ ਹਨ:

ਮੰਡਲੀ ਵਿਚ ਮੁਸ਼ਕਿਲਾਂ ਦੇ ਹੱਲ ਕੱਢਣ ਦੀ ਕੋਸ਼ਿਸ਼ ਕਰਦਿਆਂ ਵਿਚਾਰ ਦੀ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕਰੋ।

ਪਾਪ ਤੋਂ ਬਚਣ ਜਾਂ ਮਾਫ਼ੀ ਪਾਉਣ ਲਈ ਜ਼ਰੂਰੀ *ਸਖ਼ਤ ਚੋਣ ਕਰਨ ਲਈ ਮੈਂਬਰਾਂ ਨੂੰ ਆਖਣ ਤੋਂ ਨਾ ਝਿਜਕੋ*।

ਲੋਕਾਂ ਨਾਲ ਧੀਰਜ ਨਾਲ ਪੇਸ਼ ਆਓ ਅਤੇ ਵਾਜਿਬ ਬੇਨਤੀਆਂ ਨੂੰ ਨਿਰਪੇਖ ਢੰਗ ਨਾਲ ਮੰਨੋ।

ਇਸ ਤੋਂ ਇਲਾਵਾ ਅਜ਼ਰਾ ਦੇ ਕੰਮ ਤੋਂ ਇਹ ਵੀ ਪਤਾ ਲਗਦਾ ਹੈ ਕਿ ਅੱਜ ਕਲੀਸੀਆ ਦੇ ਆਗੂ ਨੂੰ ਕੀ ਬਣਨਾ ਅਤੇ ਕੀ ਕਰਨਾ ਚਾਹੀਦਾ ਹੈ:

ਨਮੂਨਾ ਬਣੋ ਜਿਸ ਦੀ ਦੂਜੇ ਮੈਂਬਰ ਨਕਲ ਕਰ ਸਕਣ, ਜਿਵੇਂ ਅਜ਼ਰਾ ਨੇ ਨਮੂਨਾ ਦਿੱਤਾ ਕਿ ਲੋਕ ਇਸਰਾਏਲ ਦੇ ਪਾਪ ਤੇ ਕਿਵੇਂ ਪ੍ਰਤੀਕਿਰਿਆ ਦੇਣ (10:1)।

ਸਿਖਾਉਣ ਵਾਲੇ ਬਣੋ, ਜਿਵੇਂ ਖ਼ਾਸ ਤੌਰ ਤੇ ਅਜ਼ਰਾ ਨੇ ਮੁਸ਼ਕਿਲ ਦੇ ਹੱਲ ਦਾ ਸ਼ਕਨਯਾਹ ਵੱਲੋਂ ਸੁਝਾਅ ਦਿੱਤੇ ਜਾਣ ਤੋਂ ਪਹਿਲਾਂ ਬੁੱਤਪ੍ਰਸਤਾਂ ਨਾਲ ਵਿਆਹ ਕਰਨ ਦੀ ਸਚਿਆਈ ਲੋਕਾਂ ਨੂੰ ਦੱਸੀ (10:1, 2)।

ਮੰਡਲੀ ਤੋਂ ਸੁਝਾਅ ਮੰਗੋ, ਜਿਵੇਂ ਅਜ਼ਰਾ ਨੇ ਸ਼ਕਨਯਾਹ ਦੀ ਸਲਾਹ ਲਈ (10:2-5)। ਅਸਲ ਵਿਚ ਜੇ ਵਿਚਾਰ ਮੰਡਲੀ ਦੇ ਲੋਕਾਂ ਵਿੱਚੋਂ ਮਿਲਦੇ ਹਨ ਤਾਂ ਆਮ ਤੌਰ ਤੇ ਉਹ ਉਨ੍ਹਾਂ ਨੂੰ ਮੰਨ ਕੇ ਉਨ੍ਹਾਂ ਉੱਤੇ ਅਮਲ ਕਰਦੇ ਹਨ, ਬਜਾਇ ਉਨ੍ਹਾਂ ਵਿਚਾਰਾਂ ਦੇ ਜਿਹੜੇ ਆਗੂਆਂ ਵੱਲੋਂ ਉਨ੍ਹਾਂ ਉੱਤੇ ਥੋਪੇ ਜਾਂਦੇ ਹਨ।

ਪ੍ਰੇਰਣਾ ਦੇਣ ਵਾਲੇ ਬਣੋ। ਲੀਡਰ ਦੇ ਕੰਮ ਦਾ ਵੱਡਾ ਹਿੱਸਾ ਲੋਕਾਂ ਨੂੰ ਖ਼ੁਦਾ ਦੀ ਇੱਛਾ ਨੂੰ ਜਾਣਨ ਲਈ ਪ੍ਰੇਰਣਾ ਦੇਣ ਦਾ ਹੁੰਦਾ ਹੈ।

ਜ਼ਿੰਮੇਵਾਰੀ ਨੂੰ ਵੰਡੋ ਅਤੇ ਅੱਗੇ ਦਿਓ। ਅਜ਼ਰਾ ਨੇ ਕੁਜਾਤ ਜਨਾਨੀਆਂ ਭਾਵ ਵਿਦੇਸ਼ੀ ਪਤਨੀਆਂ ਦੀ ਮੁਸ਼ਕਿਲ ਨੂੰ ਹੱਲ ਕਰਨ ਦੀ ਜ਼ਿੰਮੇਵਾਰੀ ਵੰਡ ਦਿੱਤੀ। ਉਸ ਨੇ ਉਹਦੇ ਅੱਗੇ ਲਿਆਂਦੇ ਗਏ ਅੰਤਰਵਿਆਹ ਦੇ ਮਾਮਲਿਆਂ ਦੀ ਜਾਂਚ ਲਈ ਇਕ ਜਥਾ ਠਹਿਰਾ ਕੇ ਜ਼ਿੰਮੇਵਾਰੀ ਅੱਗੇ ਦੇ ਦਿੱਤੀ (10:5–8)।

ਕਦੇ ਕਦੇ ਲੋਕਾਂ ਨੂੰ ਸਿਰਫ਼ ਖ਼ੁਦਾ ਦੀ ਸ਼ਰ੍ਹਾ ਨੂੰ ਮੰਨਣ ਲਈ ਆਖੋ (10:10, 11)। ਜਦ ਕਲੀਸੀਆ ਦੇ ਆਗੂ ਅਜਿਹਾ ਹੁਕਮ ਜਾਰੀ ਕਰਦੇ ਹਨ ਤਾਂ ਇਸ ਨੂੰ ਮੰਨਿਆ ਜਾ ਸਕਦਾ ਹੈ ਜੇ (ਅਤੇ ਸ਼ਾਇਦ ਸਿਰਫ਼ ਜੇ) ਉਨ੍ਹਾਂ ਨੇ ਪਹਿਲਾਂ ਦੱਸੀਆਂ ਗਈਆਂ ਹੋਰ ਗੱਲਾਂ ਕਰ ਲਈਆਂ ਹੋਣ। ਉਦਾਹਰਣ ਲਈ ਜੇ ਉਨ੍ਹਾਂ ਨੇ ਭਗਤੀ ਭਰੇ ਵਿਹਾਰ ਦਾ ਨਮੂਨਾ ਦਿੱਤਾ ਹੋਵੇ, ਲੋਕਾਂ ਨੂੰ ਸਿਖਾਇਆ ਅਤੇ ਪ੍ਰੇਰਣਾ ਦਿੱਤੀ ਹੋਵੇ, ਇਕਮਤ ਬਣਾਉਣ ਦੀ ਕੋਸ਼ਿਸ਼ ਕੀਤੀ ਹੋਵੇ ਅਤੇ ਜ਼ਿੰਮੇਵਾਰੀ ਵੰਡੀ ਹੋਵੇ।

ਕਲੀਸੀਆ ਦੇ ਆਗੂ ਕੁਝ ਕੁਝ ਪੌਲੁਸ ਵਰਗੇ ਹੋਣੇ ਜ਼ਰੂਰੀ ਹਨ ਜਿਹੜਾ ''ਸਭਨਾਂ ਲਈ ਸਭ ਕੁਝ ਬਣਿਆ'' (1 ਕੁਰਿੰਥੀਆਂ 9:22)। ਉਨ੍ਹਾਂ ਅੰਦਰ ਅਜਿਹੀ ਸਮਝ ਦਾ ਹੋਣਾ ਜ਼ਰੂਰੀ ਹੈ ਜੋ ਇਹ ਸਮਝਣ ਲਈ ਕਿ ਕਿਸੇ ਖ਼ਾਸ ਸਮੇਂ ਤੇ ਕਿਸੇ ਖ਼ਾਸ ਹਾਲਾਤ ਵਿਚ ਕਿਸ ਗੱਲ ਦੀ ਲੋੜ ਹੈ, ਸਿਰਫ਼ ਖ਼ੁਦਾ ਵੱਲੋਂ ਹੀ ਮਿਲ ਸਕਦੀ ਹੈ।

ਟਿੱਪਣੀਆਂ

[1]7:27–8:34 ਅਤੇ 9:1–15 ਅਜ਼ਰਾ ਨੇ ਉੱਤਮ ਪੁਰਖ ਵਿਚ ਗੱਲ ਕੀਤੀ (''ਅਜ਼ਰਾ ਦੀ ਆਤਮਕਥਾ''); 10:1 ਵਿਚ ਇਹ ਵਿਰਤਾਂਤ ਅੱਨਯ ਪੁਰਸ਼ ਵਿਚ ਸ਼ੁਰੂ ਹੁੰਦਾ ਹੈ। [2]ਕੁਝ ਟੀਕਾਕਾਰਾਂ ਦਾ ਮੰਨਣਾ ਹੈ ਕਿ ਇਸ ਆਇਤ ਵਿਚ ''ਪ੍ਰਭੂ'' ਯਹੋਵਾਹ ਪਰਮੇਸ਼ੁਰ ਲਈ ਵਰਤਿਆ ਗਿਆ ਹੈ। (*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਜਿਲਦ 4, *1 ਰਾਜਿਆਂ–ਅੱਯੂਬ*, ਸੰਪਾ. ਫ਼੍ਰੈਂਕ ਈ. ਗੇਬਲਾਇਨ [ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988], 669 ਵਿਚ ਐਡਵਿਨ ਐਮ. ਯਾਮੋਚੀ, ''ਅਜ਼ਰਾ–ਨਹਮਯਾਹ।'') ''ਪ੍ਰਭੂ'' ਅਜ਼ਰਾ ਲਈ ਹੈ ਜਾਂ ਯਹੋਵਾਹ ਲਈ, ਇਸ ਹਵਾਲੇ ਦਾ ਅਰਥ ਇੱਕੋ ਹੈ, ਕਿਉਂ ਜੋ ਇਕ ਅਰਥ ਵਿਚ ਅਜ਼ਰਾ ਦੀ ਸਲਾਹ ਯਹੋਵਾਹ ਦੀ ਸਲਾਹ ਹੀ ਹੋਣੀ ਸੀ। [3]*ਦ ਨਿਊ ਇੰਟਰਪ੍ਰੇਟਰ'ਜ਼ ਬਾਈਬਲ,* ਸੰਪਾ. ਲਿਏਂਡਰ ਈ. ਕੇਕ (ਨੈਸ਼ਵਿਲ: ਅਬਿੰਗਡਨ ਪ੍ਰੈੱਸ, 1999), 3:741 ਵਿਚ ਰਾਲਫ਼ ਡਬਲਯੂ. ਕਲੇਨ, ''ਦ ਬੁਕ ਆਫ਼ ਅਜ਼ਰਾ ਐਂਡ ਨਹਮਯਾਹ।'' [4]ਉਦਾਹਰਣ ਲਈ ਐੱਚ. ਜੀ. ਐੱਮ. ਵਿਲੀਅਮਸਨ ਨੇ ਲਿਖਿਆ, ''ਇਨ੍ਹਾਂ ਦੋ ਅਧਿਆਇਆਂ ਵਿਚ ਅਜ਼ਰਾ ਵੱਲੋਂ ਰਲੇ ਮਿਲੇ ਵਿਆਹਾਂ ਦੀ ਮੁਸ਼ਕਿਲ ਨਾਲ ਨਜਿੱਠੇ ਜਾਣ ਲਈ ਬਿਆਨਿਆ ਵਿਹਾਰ ਪੂਰੇ [ਪੁਰਾਣੇ ਨੇਮ] ਵਿਚ ਨਹੀਂ ਤਾਂ ਅਜ਼ਰਾ–ਨਹਮਯਾਹ ਦੇ ਸੱਭ ਤੋਂ ਘੱਟ ਆਕਰਸ਼ਿਤ ਭਾਗਾਂ ਵਿਚ'' ਹੈ (ਐੱਚ. ਜੀ. ਐੱਮ. ਵਿਲੀਅਮਸਨ, *ਅਜ਼ਰਾ, ਨਹਮਯਾਹ*, ਵਰਡ ਬਿਬਲੀਕਲ ਕਮੈਂਟਰੀ, ਜਿਲਦ 16 [ਵਾਕੋ, ਟੈਕਸਸ: ਵਰਡ ਬੁਕਸ, 1985], 159)। [5]ਸ਼ਕਨਯਾਹ ਨੇ ਇਕ ''ਗੱਲ'' (***dabar***, *ਦਾਬਾਰ*) ਕੀਤੀ, ਜਿਸ ਦਾ ਸ਼ਬਦੀ ਅਰਥ ''ਗੱਲ'' ਜਾਂ ''ਚੀਜ਼'' ਹੈ। [6]ਹੈਕਲ ਦੀਆਂ ਮੁੜ ਉਸਾਰੀਆਂ ਅਤੇ ਕਮਰਿਆਂ ਦੇ ਵੇਰਵੇ ਲਈ, *ਦ ਐਂਕਰ ਬਾਈਬਲ ਡਿਕਸ਼ਨਰੀ*, ਸੰਪਾ. ਡੇਵਿਡ ਨੋਏਲ ਫ੍ਰੀਡਮੈਨ (ਨਿਊ ਯਾਰਕ: ਡਬਲਡੇ, 1992), 6:356–58 ਵਿਚ ਵੇਖੋ ਕੈਰਲ ਮਾਈਰਜ਼, ''ਟੈਂਪਰ, ਜੇਰੁਸਲੇਮ।'' [7]ਵਿਲੀਅਮਸਨ, 151–54. [8]ਹੋਰਨਾਂ ਸੰਸਕਰਣਾਂ ਵਿਚ ''ਜਿੱਥੇ ਉਹ ਨੇ ਰਾਤ ਗੁਜ਼ਾਰੀ'' ਹੈ (RSV; NRSV; NAB; NJB; ESV), ਜਿਸ ਦਾ ਸਮਰਥਨ 1 ਏਸਡ੍ਰਾਸ 9:2 ਤੋਂ ਹੁੰਦਾ ਹੈ। ਇਸ ਪਾਠ ਨੂੰ MT ਵਿਚ ਥੋੜ੍ਹੀ ਜਿਹੀ ਸੋਧ ਨਾਲ ਵੀ ਦਿੱਤਾ ਜਾ ਸਕਦਾ ਹੈ। ਜੇ ਇਹ ਸਹੀ ਹੈ, ''ਅਜ਼ਰਾ ਨੇ ਯੋਹਾਨਾਨ ਦੇ ਕਮਰੇ ਵਿਚ ਰੋਜ਼ਾ ਰੱਖ ਕੇ ਅਤੇ ਸੋਗ ਮਨਾ ਕੇ ਰਾਤ ਕੱਟੀ'' (*ਹਾਰਪਰਸ ਬਾਈਬਲ ਕਮੈਂਟਰੀ*, ਸੰਪਾ. ਜੇਮਸ ਐੱਲ. ਮੇਅਸ [ਸੈਨ ਫ੍ਰਾਂਸਿਸਕੋ:

ਹਾਰਪਰ ਐਂਡ ਰੋਅ, 1988], 378 ਵਿਚ ਰਾਲਫ਼ ਡਬਲਯੂ. ਕਲੇਨ, ''ਅਜ਼ਰਾ।'' [9]ਬਹੁਤੇ ਟੀਕਾਕਾਰਾਂ ਦਾ ਮੰਨਣਾ ਹੈ ਕਿ ਅਜ਼ਰਾ ਨੇ ਗੁਪਤ ਵਿਚ ਰੋਜ਼ਾ ਰੱਖਿਆ, ਜਿਸ ਨਾਲ ਆਗੂਆਂ ਨੂੰ ਆਪਣਾ ਫ਼ੈਸਲਾ ਆਪੇ ਕਰਨ ਦੀ ਛੋਟ ਮਿਲੀ। ਉਦਾਹਰਣ ਲਈ ਸੀ. ਈ. ਦਾਮਾਰੇ ਨੇ ਲਿਖਿਆ ਹੈ, ''[ਅਜ਼ਰਾ] ਕਿਸੇ ਯੋਹਾਨਾਨ ਦੇ ਨਿੱਜੀ ਕਮਰਿਆਂ ਵਿਚ ਗਿਆ ਜਿਹੜਾ ਯਾਜਕਾਈ ਅਹੁਦੇ ਵਾਲਾ ਆਗੂ ਸੀ ਅਤੇ ਉੱਥੇ ਖ਼ੁਦਾ ਦਾ ਸਪੱਸ਼ਟ ਨਿਰਦੇਸ਼ ਲੈਣ ਲਈ ਉਸਨੇ ਦੁਆ ਵਿਚ ਕਈ ਘੰਟੇ ਬਿਤਾਏ'' (*ਬੀਕਨ ਬਾਈਬਲ ਕਮੈਂਟਰੀ*, ਭਾਗ 2, *ਜੋਸ਼ੁਆ ਥਰੂ ਅਸਤਰ* [ਕੈਂਸਸ ਸਿਟੀ, ਮਿਜ਼ੋਰੀ: ਬੀਕਨ ਹਿੱਲ ਪ੍ਰੈੱਸ, 1965], 626 ਵਿਚ ਸੀ. ਈ. ਡੀਮਰੇ, ''ਦ ਬੁਕ ਆਫ਼ ਅਜ਼ਰਾ'')। [10]ਯਾਮੋਚੀ, 670.

[11]''ਵਿਹੜਾ ਹੈਕਲ ਦੇ ਅਹਾਤੇ ਦੀ ਦੱਖਣ ਪੂਰਬੀ ਨੁੱਕਰ ਵਿਚ ਜਲ ਦੁਆਰ ਦੇ ਸਾਹਮਣੇ ਖੁੱਲ੍ਹੀ ਥਾਂ'' ਹੋ ਸਕਦੀ ਹੈ। (*ਦ ਵਿਕਲਿਫ਼ ਬਾਈਬਲ ਕਮੈਂਟਰੀ,* ਸੰਪਾ. ਚਾਰਲਸ ਐੱਫ. ਫੀਫਰ ਐਂਡ ਐਵਰੇਟ ਐੱਫ. ਹੈਰੀਸਨ [ਸ਼ਿਕਾਗੋ: ਮੂਡੀ ਪ੍ਰੈੱਸ, 1962], 431–32 ਵਿਚ ਜੌਨ ਸੀ. ਵ੍ਹਿਟਕੌਂਬ, ਜੂਨੀ., ''ਅਜ਼ਰਾ'')। ਵੇਖੋ ਨਹਮਯਾਹ 3:26; 8:1. [12]ਮਾਰਕ ਏ. ਥ੍ਰੌਂਟਵੇਟ, *ਅਜ਼ਰਾ–ਨਹਮਯਾਹ*, ਇੰਟਰਪ੍ਰਿਟੇਸ਼ਨ (ਲੁਈਸਵਿੱਲ: ਜੌਨ ਨੌਕਸ ਪ੍ਰੈੱਸ, 1992), 55. [13]KJV ਵਿਚ ਭਾਵੇਂ ''employed about'' ਹੈ ਪਰ NKJV ਵਿਚ ''ਵਿਰੋਧ ਕੀਤਾ'' ਹੈ। ASV ਵਿਚ ਇਬਰਾਨੀ ਲਿਖਤ ਦਾ ਸ਼ਬਦੀ ਅਨੁਵਾਦ ''ਵਿਰੋਧ ਵਿਚ ਉੱਠੇ'' ਹੈ। [14]ਸਾਫ਼ ਤੌਰ ਤੇ ਇਹ ਜਾਣਨ ਨਾਲੋਂ ਕਿ ਕੋਈ ਆਦਮੀ ਸਚਮੁਚ ਵਿਚ ਯਹੂਦੀ ਮੁਰੀਦ ਹੈ ਜਾਂ ਨਹੀਂ, ਕਿਸੇ ਔਰਤ ਦੀ ਪਛਾਣ ਕਰਨਾ ਬਹੁਤਾ ਮੁਸ਼ਕਿਲ ਹੋਣਾ ਸੀ (ਕਿਉਂ ਜੋ ਨਰ ਮੁਰੀਦ ਦੀ ਸੁੰਨਤ ਹੋਈ ਹੋਣੀ ਸੀ)। ਜੇ ਕਿਸੇ ਔਰਤ ਉੱਤੇ ''ਕੁਜਾਤ'' ਜਾਂ ''ਕਾਫ਼ਿਰ'' ਹੋਣ ਦਾ ਦੋਸ਼ ਲਗਦਾ ਤਾਂ ਉਹ ਇਸ ਤੋਂ ਮੁੱਕਰ ਜਾਂਦੀ, ਤਾਂ ਦੂਜਿਆਂ ਤੋਂ ਇਹ ਪੁੱਛਿਆ ਹੀ ਜਾਣਾ ਸੀ ਕਿ ਕਿਸੇ ਨੇ ਉਸ ਨੂੰ ਮੂਰਤੀਆਂ ਦੀ ਪੂਜਾ ਕਰਦਿਆਂ ਵੇਖਿਆ ਜਾਂ ਨਹੀਂ। [15]ਵੱਖੋ ਵੱਖ ਸੰਸਕਰਣਾਂ ਵਿਚ ਜੋੜ ਥੋੜ੍ਹਾ ਥੋੜ੍ਹਾ ਫ਼ਰਕ ਹੈ। MT ਦੀ ਨਕਲ ਕਰਦਿਆਂ NASB ਵਿਚ ਕਾਫ਼ਿਰ ਔਰਤਾਂ ਨਾਲ ਵਿਆਹ ਕਰਨ ਵਾਲੇ 113 ਬੰਦਿਆਂ ਦੇ ਨਾਂਅ ਹਨ। NIV ਵਿਚ ਦੋ ਘਟਾ ਕੇ ਇਹ ਗਿਣਤੀ 111 ਕੀਤੀ ਗਈ ਹੈ। ਇਸ ਵਿਚ ਅਜ਼ਰਾ 10:38 (ਅਤੇ 1 ਏਸਡ੍ਰਾਸ 9:34) ਵਿਚ LXX ਦੀ ਲੇਖਣੀ ਵਿੱਚੋਂ ਲਿਆ ਗਿਆ ਹੈ। ਉਨ੍ਹਾਂ ਅਪਰਾਧ ਕਰਨ ਵਾਲਿਆਂ ਵਿਚ ''ਬਾਨੀ'' ਅਤੇ ''ਬਿੰਨੁਈ'' ਦੀ ਥਾਂ NIV ਵਿਚ ''ਬਿੰਨੁਈ ਦੀ ਸੰਤਾਨ [ਪੁੱਤਰ]'' ਹੈ 10:40 ਵਿਚ ''ਮਕਨਦਬਈ'' ਦੇ ਨਾਂਅ ਵਿਚ ਸੁਧਾਰ ਕਰਕੇ ''ਅਜ਼ੂਰ ਦੇ ਪੁੱਤਰ'' ਜਾਂ ''ਜ਼ੱਕਈ ਦੇ ਪੁੱਤਰ'' ਪੜ੍ਹਨ ਲਈ ਇਹ ਗਿਣਤੀ ਹੋਰ ਘਟਾ ਕੇ 110 ਹੋ ਸਕਦੀ ਹੈ (ਕਲੇਨ, ''ਦ ਬੁਕਸ ਆਫ਼ ਅਜ਼ਰਾ ਐਂਡ ਨਹਮਯਾਹ,'' 745, ਐਨ. 105; ਵੇਖੋ NJB।) [16]ਕਲੇਨ ਦੇ ਮੁਤਾਬਕ ਇਸ ਗਿਣਤੀ ਵਿਚ ''0.58 ਫ਼ੀਸਦੀ ਕਲਰਜੀ ਅਤੇ 0.67 ਫ਼ੀਸਦੀ ਜਾਂ 0.68 ਫ਼ੀਸਦੀ ਲੇਅਟੀ (ਅਧਿਆਇ 2 ਦੇ ਆਂਕੜਿਆਂ ਦੇ ਅਧਾਰ ਤੇ) ਹੈ'' (ਉੱਥੇ ਹੀ, 745)। [17]ਜੇ ਅਜਿਹਾ ਹੁੰਦਾ ਤਾਂ ਇਸ ਨਾਲ ਇਹ ਸਮਝਣ ਵਿਚ ਮਦਦ ਮਿਲ ਜਾਣੀ ਸੀ ਕਿ ਤੇਰਾਂ ਸਾਲਾਂ ਬਾਅਦ ਨਹਮਯਾਹ ਨੂੰ ਓਸੇ ਮੁਸ਼ਕਿਲ ਨਾਲ ਕਿਉਂ ਨਜਿੱਠਣਾ ਪਿਆ। ਇਸ ਦੇ ਹੱਕ ਵਿਚ ਇਕ ਦਲੀਲ ਇਹ ਹੈ ਕਿ ਸ਼ਰ੍ਹਾ ਵਿਚ ਕਿਸੇ ਗੈਰ–ਇਸਰਾਏਲੀ ਨਾਲ ਵਿਆਹ ਕਰਨ ਦੀ ਸਜ਼ਾ ਨਹੀਂ ਦੱਸੀ ਗਈ (ਜਿਵੇਂ ਮੌਤ ਜਾਂ ਛੇਕੇ ਜਾਣਾ)। (ਅਧਿਆਇ 10 ਵਿਚ ਪਹਿਲਾਂ ਦੱਸੀਆਂ ਗਈਆਂ ਸਜ਼ਾਵਾਂ ਅੰਤਰ ਵਿਆਹ ਲਈ ਨਹੀਂ ਬਲਕਿ ਸਭਾ ਵਿਚ ਪੇਸ਼ ਨਾ ਹੋਣ ਲਈ ਸਨ।) ਇਸਰਾਏਲ ਦੇ ਪੂਰੇ ਇਤਹਾਸ ਵਿਚ ਇਸ ਦੇ ਲੋਕਾਂ ਨੇ ਵਿਦੇਸ਼ੀ ਪਤਨੀਆਂ ਨਾਲ ਵਿਆਹ ਕੀਤੇ ਜਿਸ ਦੀ ਉਨ੍ਹਾਂ ਨੂੰ ਕੋਈ ਸਜ਼ਾ ਨਹੀਂ ਮਿਲੀ (ਭਾਵੇਂ ਉਨ੍ਹਾਂ ਵਿਆਹਾਂ ਕਰਕੇ ਕੌਮ ਨੂੰ ਬਾਰ–ਬਾਰ ਦੁੱਖ ਝੱਲਣਾ ਪੈਂਦਾ ਸੀ)। [18]''ਬਚਨ ਦਿੱਤਾ'' ਮੂਲ ਵਿਚ ''ਆਪਣਾ ਹੱਥ ਦਿੱਤਾ'' ਹੈ। [19]ਜੇਕਬ ਮਿਲਗ੍ਰੋਮ, *ਕਲਟ ਐਂਡ ਕਾਨਸ਼ਿਐਂਸ: ਦ ਆਸ਼ਾਮ ਐਂਡ ਦ ਪ੍ਰੀਸਲੀ ਡਾਕਟ੍ਰਿਨ ਆਫ਼ ਰੀਪ੍ਰੈਂਟੇਂਸ* (ਲੀਡਨ: ਬ੍ਰਿਲ, 1976), 73. [20]''ਕਲੀਸੀਆ'' ਸ਼ਬਦ ਇੱਥੇ ਖ਼ੁਦਾ ਦੇ ਪੁਰਾਣੇ ਨੇਮ ਦੇ ਲੋਕਾਂ ਲਈ ਵਰਤਿਆ ਗਿਆ ਹੈ, ਜਿਨ੍ਹਾਂ ਦਾ ਉਦੋਂ ਖ਼ੁਦਾ ਨਾਲ, ਅੱਜ ਖ਼ੁਦਾ ਦੀ ਕਲੀਸੀਆ ਨਾਲ ਸਬੰਧ ਦੀ ਉਪਮਾ ਸੀ। ਪੁਰਾਣੇ ਨੇਮ ਵਿਚ ਖ਼ੁਦਾ ਦੇ ਲੋਕਾਂ ਨੂੰ ਕਈ ਵਾਰ ''ਮੰਡਲੀ'' ਜਾਂ ''ਲੋਕ'' ਕਿਹਾ ਗਿਆ ਹੈ, ਜੋ ਉਹ ਸ਼ਬਦ ਹਨ ਜਿਨ੍ਹਾਂ ਦਾ ਨਵੇਂ ਨੇਮ ਵਿਚ ਅਰਥ ਮੋਟੇ ਤੌਰ ਤੇ ''ਕਲੀਸੀਆ'' ਲਈ ਯੂਨਾਨੀ

ਸ਼ਬਦ (*ekklēsia*, *ਏਕਲੇਸਿਆ*) ਨਾਲ ਮੇਲ ਖਾਂਦਾ ਹੈ।

[21]ਆਮ ਤੌਰ ਤੇ ਭਾਵੇਂ ਥੌਮਸ ਜੈਕਸਨ ਹੀ ਮੰਨਿਆ ਜਾਂਦਾ ਹੈ, ਪਰ ਮੂਲ ਸਰੋਤ ਦਾ ਪਤਾ ਨਹੀਂ ਹੈ ਕਿ ਕੌਣ ਸੀ। ਜੌਨ ਫਿਲਪੋਰਟ (1750–1817) ਨੇ ਜੁਲਾਈ 10, 1790 ਨੂੰ ਆਪਣੇ ''ਸਪੀਚ ਅਪਾਨ ਦ ਰਾਈਟ ਇਲੈਕਸ਼ਨ'' ਵਿਚ ਕਿਹਾ, ''ਜਿਸ ਸ਼ਰਤ ਉੱਤੇ ਖ਼ੁਦਾ ਨੇ ਮਨੁੱਖ ਨੂੰ ਅਜ਼ਾਦੀ ਦਿੱਤੀ ਹੈ ਉਹ ਅਨਾਦੀ ਚੌਕਸੀ ਹੈ'' (ਜੌਨ ਬਾਰਟਲੈਟਸ, *ਬਾਰਟਲੈਟਸ ਫੈਮਿਲਿਅਰ ਕੁਅਸ਼ਚੰਸ*, 16ਵਾਂ ਸੰਸਕ., ਸੰਪਾ. ਜਸਟਿਨ ਕੈਪਲਨ [ਬੋਸਟਨ: ਲਿਟਲ, ਬ੍ਰਾਊਨ, ਐਂਡ ਕੰ., 1992], 351)।